Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 140

D.O.P. 15 July 2021






ਬਾਬਾ ਮੱਖਣ ਸ਼ਾਹ ਲੁਬਾਣਾ ਜੀ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਦਰਸ਼ਨ ਕਰਦੇ ਤੇ ਸਾਚਾ ਗੁਰੂ ਲਾਧੋ ਰੇ ਦਾ ਹੋਕਾ ਦੇਂਦੇ ਹੋਏ

# ਗੁ: ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਸਾਹਿਬ ਵਿਖੇ ਪੁੱਲ ਦੇ ਨਿਰਮਾਣ ਦੀ ਸ਼ੁਭ ਆਰੰਭਤਾ

ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਜੀ ਜਨਮ ਅਤੇ ਸੇਵਾ ਭਗਤੀ ਅਸਥਾਨ ਪਿੰਡ ਪੂਹਲਾ ਸਾਹਿਬ ਵਿਖੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਅਤੇ ਗੁਰਦੁਆਰਾ ਸਾਹਿਬ ਦੀ ਲੋਕਲ ਕਮੇਟੀ ਵੱਲੋਂ ਭਾਈ ਤਾਰੂ ਸਿੰਘ ਜੀ ਦੇ ਅਸਥਾਨ ਨੂੰ ਜਾਣ ਵਾਲੇ ਰਸਤੇ ਵਿੱਚ ਪੈਂਦੇ ਪੁੱਲ ਦੇ ਨਿਰਮਾਣ ਦੀ ਸ਼ੁਭ ਆਰੰਭਤਾ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ (ਸੁਰ ਸਿੰਘ ਵਾਲੇ), ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ (ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ), ਗਿਆਨੀ ਮਲਕੀਤ ਸਿੰਘ ਜੀ (ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ) ਅਤੇ ਪੰਜ ਪਿਆਰਿਆਂ 'ਚੋਂ ਸੇਵਾ ਨਿਭਾਉਣ ਵਾਲੇ ਭਾਈ ਸੁਖਦੇਵ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ, ਭਾਈ ਸੰਦੀਪ ਸਿੰਘ ਜੀ, ਭਾਈ ਬਿਕਰਮਜੀਤ ਸਿੰਘ ਜੀ, ਭਾਈ ਪ੍ਰਭਜੀਤ ਸਿੰਘ ਜੀ, ਭਾਈ ਹਰਮਿੰਦਰ ਸਿੰਘ ਜੀ (ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲੇ) ਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।













ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਥਾ-ਕੀਰਤਨ ਦੀ ਹਾਜ਼ਰੀ ਭਰਦੇ ਹੋਏ। ਗੁ: ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਸਾਹਿਬ ਨੂੰ ਜਾਣ ਵਾਲੀ ਸੜਕ ਤੇ ਪੁੱਲ ਦਾ ਨਿਰਮਾਣ ਸ਼ੁਰੂ ਕਰਨ ਤੋਂ ਪਹਿਲਾਂ ਗਿਆਨੀ ਮਲਕੀਤ ਸਿੰਘ ਜੀ (ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ) ਅਰਦਾਸ ਕਰਦੇ ਹੋਏ ਉਪਰੰਤ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ), ਗਿਆਨੀ ਮਲਕੀਤ ਸਿੰਘ ਜੀ (ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ), ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰਿਆਂ ਨੇ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਆਏ ਹੋਏ ਸਿੰਘ ਸਾਹਿਬਾਨ ਅਤੇ ਮਹਾਂਪੁਰਖਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-140ਵਾਂ (2021)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

ਕੰਪਿਊਟਰ: ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਜੀਵਨ ਕਥਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ 5
ਬਾਬਾ ਮੱਖਣ ਸ਼ਾਹ ਲੁਬਾਣਾ ਜੀ 11
ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 20
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 22
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਉਪਮਾ ਤੇ ਵਿਸ਼ੇਸ਼ 23
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪੰਦਰ੍ਹਵਾਂ ਭਾਗ- ਧੰਨ ਧੰਨ ਬੀਬੀ ਰਾਣੀ ਮੈਣੀ ਜੀ 26
ਨੌਂਵੇਂ ਪਾਤਸ਼ਾਹ ਜੀ ਦੀਆਂ ਵਡਿਆਈਆਂ ਦੇ ਕੁਝ ਅੰਸ਼ 36
400 ਸਾਲ ਗੁਰ ਇਤਿਹਾਸ ਦੇ ਨਾਲ 37
नितनेम इस तरह करो, मन जरूर टिकेगा 39
श्री गुरु हरिकृष्ण साहिब जी की कृपा आज भी दुनिया के दुख–रोग निवृत्त कर रही है 41
भक्ति लहर के विकास में भक्त बाणीकारों का योगदान 51
Guru's Blessings are More Powerful than Written Destiny 54
Which are the Ten Sins? 58

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਮਈ 2021 ਦਾ ਮਹੀਨਾ ਇੱਕ ਬਹੁਤ ਹੀ ਭਾਗਾਂ ਵਾਲਾ ਮਹੀਨਾ ਹੋ ਕੇ ਗੁਜ਼ਰਿਆ ਹੈ। ਇਸ ਦੇ ਪਹਿਲੇ ਦਿਨ ਤੋਂ ਲੈ ਕੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਲਗਾਤਾਰ ਖੁਸ਼ੀਆਂ ਭਰੇ ਦਿਹਾੜੇ ਆਏ ਹਨ। ਪਹਿਲੀ ਮਈ ਨੂੰ ਉਹ ਪਾਵਨ ਸ਼ਤਾਬਦੀ ਬੜੀ ਸ਼ਰਧਾ ਭਾਵਨਾ ਨਾਲ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਵੱਲੋਂ ਮਨਾਈ ਗਈ ਹੈ ਜਿਹੜੀ ਸ਼ਤਾਬਦੀ ਧਰਮ ਦੀ ਪੈਜ ਰੱਖਣ ਵਾਲੇ, ਧਰਮ ਨੂੰ ਬਚਾਉਣ ਵਾਲੇ, ਦੂਜਿਆਂ ਲਈ ਆਪਾ ਵਾਰਨ ਦੀ ਭਾਵਨਾ ਸਿਖਾਉਣ ਵਾਲੇ, ਮਿੱਠ ਬੋਲੜੇ ਪਿਤਾ, ਗਹਿਰ ਗੰਭੀਰ ਪਿਤਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੀ। ਭਾਵੇਂ ਕੋਵਿਡ ਮਹਾਂਮਾਰੀ ਦੇ ਚਲਦਿਆਂ ਕੋਈ ਬਹੁਤੇ ਵੱਡੇ ਪ੍ਰੋਗਰਾਮ ਨਹੀਂ ਹੋ ਸਕੇ ਪਰ ਸੰਗਤਾਂ ਨੇ ਸਾਰਾ ਸਾਲ ਆਪਣੇ ਪਰਿਵਾਰਾਂ ਵਿੱਚ ਰਹਿ ਕੇ ਜਪੁਜੀ ਸਾਹਿਬ ਅਤੇ ਸਲੋਕ ਮਹਲਾ ੯ ਦੀਆਂ ਪਾਵਨ ਬਾਣੀਆਂ ਦੇ ਬੇਅੰਤ ਪ੍ਰਵਾਹ ਚਲਾਏ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਦੇ ਸਤਿਕਾਰਯੋਗ ਵੀਰਾਂ ਅਤੇ ਭੈਣਾਂ ਨੇ ਇਸ ਸ਼ਤਾਬਦੀ ਵਿੱਚ ਆਪਣਾ-ਆਪਣਾ ਯੋਗਦਾਨ ਪਾਇਆ। ਇਸ ਸ਼ਤਾਬਦੀ ਦੇ ਕੁਝ ਦਿਨਾਂ ਮਗਰੋਂ ਅੰਦਰਲੇ ਧੀਰਜ ਅਤੇ ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲੇ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਹਾੜਾ ਲੰਘਿਆ। ਫਿਰ ਚੰਦ ਕੁ ਦਿਨਾਂ ਵਿੱਚ ਹੁਕਮ ਮੰਨਣ ਦੀ ਮੂਰਤ, ਧੰਨ ਗੁਰੂ ਨਾਨਕ ਮਹਾਰਾਜ ਨੂੰ ਨਿਰੰਕਾਰ ਸਰੂਪ ਪਹਿਚਾਨਣ ਵਾਲੇ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਹਾੜਾ ਤੇ ਫਿਰ ਸੰਗਤ ਪੰਗਤ ਦੀ ਪਾਵਨ ਮਰਿਆਦਾ ਦੇ ਸੰਸਥਾਪਕ, ਸ੍ਰੀ ਬਾਉਲੀ ਸਾਹਿਬ ਦੇ ਸਿਰਜਣਹਾਰ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਹਾੜਾ ਮਈ ਮਹੀਨੇ ਵਿੱਚ ਮਨਾਇਆ ਗਿਆ ਅਤੇ ਜੂਨ ਦੇ ਮਹੀਨੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਹਾੜਾ ਉਪਰੰਤ ਮੀਰੀ-ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਲੰਘਿਆ ਹੈ। ਇਹ ਸਾਰੇ ਦਿਹਾੜੇ ਮਨਾਉਂਦਿਆਂ ਸੰਗਤਾਂ ਨੇ ਗੁਰਬਾਣੀ ਦੇ ਬੇਅੰਤ ਪ੍ਰਵਾਹ ਚਲਾਏ। ਚਾਹੀਦਾ ਵੀ ਇਹ ਹੈ ਕਿ ਕੋਈ ਗੁਰਪੁਰਬ ਆਵੇ ਤੇ ਸਾਡਾ ਗੁਰਬਾਣੀ ਦਾ ਨੇਮ ਵੱਧ ਜਾਵੇ। ਭਾਈ ਗੁਰਦਾਸ ਜੀ ਦੀ ਇੱਕ ਪਾਵਨ ਪੰਕਤੀ ਇਸ ਪਰਥਾਏ ਬਹੁਤ ਵੱਡੀ ਸੋਝੀ ਬਖਸ਼ਦੀ ਹੈ:

***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।*** ***(ਵਾਰ ੧੨, ਪਉੜੀ ੨)***

ਭਾਈ ਗੁਰਦਾਸ ਜੀ ਗੁਰਪੁਰਬ ਮਨਾਉਣ ਦੀ ਸੋਝੀ ਬਖਸ਼ਦੇ ਹਨ ਕਿ ਕੋਈ ਗੁਰਪੁਰਬ ਆਵੇ, ਸਾਡਾ ਗੁਰੂ ਸਾਹਿਬ ਦੇ ਚਰਨਾਂ ਵਿੱਚ ਪ੍ਰੇਮ ਵੀ ਵੱਧ ਜਾਵੇ ਤੇ ਸਾਡਾ ਨੇਮ ਵੀ ਵੱਧ ਜਾਵੇ। ਬੜੀ ਲੋੜ ਹੈ, ਇਸ ਸੋਝੀ ਦੇ ਪ੍ਰਚਾਰ ਦੀ। ਸਾਡੇ ਮਨਾਏ ਹੋਏ ਗੁਰਪੁਰਬ ਕੇਵਲ ਲੰਗਰ ਲਗਾਉਣ ਤੱਕ ਸੀਮਤ ਨਾ ਰਹਿ ਜਾਣ। ਇਹ ਵੀ ਲਗਾਏ ਜਾਣ, ਇਹ ਵੀ ਜ਼ਰੂਰੀ ਹਨ, ਉਨ੍ਹਾਂ ਦੇ ਚਰਨਾਂ ਤੇ ਨਮਸਕਾਰ ਹੈ ਜਿਨ੍ਹਾਂ ਤੋਂ ਗੁਰੂ ਸਾਹਿਬ ਇਹ ਸੇਵਾਵਾਂ ਲੈਂਦੇ ਹਨ ਪਰ ਇਨ੍ਹਾਂ ਸੇਵਾਵਾਂ ਦੇ ਨਾਲ-ਨਾਲ ਸਾਡਾ ਭਗਤੀ ਦਾ ਨੇਮ ਵੱਧ ਜਾਵੇ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, ਕਿੰਨੀ ਉਨ੍ਹਾਂ ਦੀ ਭਾਵਨਾ ਹੈ, ਗੁਰੂ ਸਾਹਿਬਾਨਾਂ ਦੇ ਪਾਵਨ ਪ੍ਰਕਾਸ਼ ਗੁਰਪੁਰਬਾਂ ਤੇ। ਕਹਿੰਦੇ ਸਨ, ਜਿਸ ਦਿਨ ਗੁਰੂ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਹੋਣ, ਉਸ ਦਿਨ ਦਰਗਾਹ ਦੇ ਦਰਵਾਜ਼ੇ ਖੁੱਲ੍ਹੇ ਹੁੰਦੇ ਹਨ। ਕੋਈ ਪਰਿੰਦਾ ਵੀ ਚੜ੍ਹਾਈ ਕਰ ਜਾਵੇ ਤੇ ਨਰਕਾਂ ਨੂੰ ਨਹੀਂ ਜਾ ਸਕਦਾ। ਇਸ ਲਈ ਇਨ੍ਹਾਂ ਦਿਹਾੜਿਆਂ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦੇ ਪਾਤਰ ਬਣਨ ਲਈ ਅਸੀਂ ਭਾਈ ਗੁਰਦਾਸ ਜੀ ਦੇ ਦਰਸਾਏ ਪਾਵਨ ਮਾਰਗ ਤੇ ਪਹਿਰਾ ਦਿੰਦਿਆਂ ਗੁਰਬਾਣੀ ਦਾ ਨੇਮ ਵਧਾਈਏ। ਇਹ ਨੇਮ ਵਧਾਉਂਦਿਆਂ ਗੁਰੂ ਸਾਹਿਬ ਦੇ ਚਰਨਾਂ ਨਾਲ ਸਾਡਾ ਪ੍ਰੇਮ ਹੋਰ ਵੱਧ ਜਾਵੇ। ਫਿਰ ਇਹ ਸ਼ਤਾਬਦੀਆਂ, ਫਿਰ ਇਹ ਗੁਰਪੁਰਬ ਮਨਾਏ ਸਫਲੇ ਹੋ ਜਾਣਗੇ, ਥਾਂਏਂ ਪੈ ਜਾਣਗੇ।

ਸਮੂਹ ਸਾਧ ਸੰਗਤ ਜੀ ਨੂੰ ਗੁਰੂ ਸਾਹਿਬਾਨ ਜੀ ਦੀ ਪਾਵਨ ਪ੍ਰਕਾਸ਼ ਸ਼ਤਾਬਦੀ ਅਤੇ ਪ੍ਰਕਾਸ਼ ਦਿਹਾੜਿਆਂ ਤੇ ਕੋਟਾਨਿ-ਕੋਟਿ ਮੁਬਾਰਕਾਂ ਜੀ ਅਤੇ ਸ਼ਹੀਦੀ ਦਿਹਾੜੇ ਨੂੰ ਕੋਟਨਿ ਕੋਟਿ ਨਮਸਕਾਰਾਂ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਜੀਵਨ ਕਥਾ
# ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ

*—ਭਾਈ ਪਿੰਦਰਪਾਲ ਸਿੰਘ ਜੀ ਦੀ ਪੁਸਤਕ ਜੀਵਨ ਕਥਾ ਅਤੇ ਸ਼ਹਾਦਤ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਗੁਰਮੁਖੋ! ਦੇਖੋ ਇਨਸਾਨ ਦਾ ਇੱਕ ਸੁਭਾਅ ਹੈ। ਜਿਸ ਦਿਨ ਇਹਦੇ ਕੋਲ ਦੁਖ ਆਉਂਦਾ ਹੈ ਤਾਂ ਉਸ ਦਿਨ ਪਰਮਾਤਮਾ ਨੂੰ ਇਹ ਉਲਾਂਭੇ ਦੇਣ ਲੱਗ ਪੈਂਦਾ ਹੈ ਤੇ ਜਿਸ ਦਿਨ ਇਹਦੇ ਕੋਲ ਸੁੱਖ ਆ ਜਾਏ ਤਾਂ ਹੰਕਾਰੀ ਹੋ ਕੇ ਪਰਮਾਤਮਾ ਨੂੰ ਭੁਲਾ ਦੇਂਦਾ ਹੈ। ਮੈਂ ਉਦਾਹਰਣ ਦੇਣੀ ਚਾਹਾਂਗਾ। ਧੰਨ ਗੁਰੂ ਤੇਗ ਬਹਾਦਰ ਜੀ ਨੇ ਇਕੱਲਾ ਕਿਹਾ ਨਹੀਂ ਕਿ ਸੁੱਖ-ਦੁਖ ਦੋਨਾਂ ਨੂੰ ਬਰਾਬਰ ਜਾਣ, ਸਗੋਂ ਸੱਚੀ ਸਰਕਾਰ ਨੇ ਸੁੱਖ ਤੇ ਦੁਖ ਨੂੰ ਇੱਕ ਬਰਾਬਰ ਜਾਣਿਆ ਵੀ ਹੈ। ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅੰਮ੍ਰਿਤਸਰ ਧਰਤੀ 'ਤੇ ਆਗਮਨ ਹੋਇਆ ਤੇ ਕਰਤਾਰਪੁਰ ਦੀ ਧਰਤੀ ਤੇ ਗੁਰੂ ਜੀ ਦਾ ਵਿਆਹ ਹੋਇਆ। ਕੀਰਤਪੁਰ ਸਾਹਿਬ ਦੀ ਧਰਤੀ ਤੋਂ ਬਖਸ਼ਿਸ਼ ਮਿਲੀ। ਬਾਬਾ ਬਕਾਲਾ ਸਾਹਿਬ ਜੀ ਦੀ ਧਰਤੀ 'ਤੇ ਗੁਰੂ ਜੀ ਪ੍ਰਗਟ ਹੋਏ। ਧੰਨ ਗੁਰੂ ਤੇਗ ਬਹਾਦਰ ਜੀ ਦਾ ਆਗਮਨ 1621 ਦਾ ਹੈ। ਸਾਹਿਬ ਗੁਰੂ ਕਲਗੀਧਰ ਜੀ ਦਾ ਆਗਮਨ 1666 ਦਾ ਹੈ। ਸਤਿਗੁਰੂ ਗੁਰੂ ਤੇਗ ਬਹਾਦਰ ਸਾਹਿਬ ਜੀ ਉਨ੍ਹਾਂ ਦੇ ਘਰ ਸੰਤਾਨ ਨਾ ਤਾਂ ਕਰਤਾਰਪੁਰ ਦੀ ਧਰਤੀ 'ਤੇ ਹੋਈ, ਨਾ ਬਾਬਾ ਬਕਾਲਾ ਜੀ ਦੀ ਧਰਤੀ 'ਤੇ ਹੋਈ।

ਗੁਰਮੁਖੋ! ਅਸੀਂ ਗ੍ਰਹਿਸਤੀ ਹਾਂ। ਕੋਈ ਇਨਸਾਨ ਜਦੋਂ ਆਪਣੇ ਬੱਚੇ ਦਾ ਵਿਆਹ ਕਰਦਾ ਹੈ ਅਤੇ ਦੋ-ਚਾਰ ਸਾਲ ਬਾਅਦ ਉਹਦੇ ਘਰ ਸੰਤਾਨ ਨਾ ਹੋਵੇ ਤਾਂ ਸਾਡਾ ਸਮਾਜ ਨਹੀਂ ਮੂੰਹ ਖੋਲ੍ਹਦਾ, ਸਾਡੇ ਪਰਿਵਾਰ ਦੇ ਲੋਕ ਹੀ ਟਿਕਣ ਨਹੀਂ ਦੇਂਦੇ। ਪਰ ਦੇਖੋ! ਧੰਨ ਗੁਰੂ ਤੇਗ ਬਹਾਦਰ ਜੀ ਦੇ ਵਿਆਹ ਤੋਂ ਦੋ ਸਾਲ ਬਾਅਦ ਜਾਂ ਚਾਰ ਸਾਲ ਬਾਅਦ ਨਹੀਂ, 30 ਸਾਲ ਬਾਅਦ ਮੇਰੇ ਪਰਮ ਪਿਤਾ ਪਰਮਾਤਮਾ ਨੇ ਉਨ੍ਹਾਂ ਦੇ ਘਰ ਵਿੱਚ ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਜਿਆ। ਜਿਸ ਦਿਨ ਧੰਨ ਗੁਰੂ ਤੇਗ ਬਹਾਦਰ ਜੀ ਦੇ ਘਰ ਪੁੱਤਰ ਆਇਆ, ਉਸ ਦਿਨ ਧੰਨ ਗੁਰੂ ਤੇਗ ਬਹਾਦਰ ਜੀ ਆਪ ਪਟਨਾ ਸਾਹਿਬ ਦੀ ਧਰਤੀ 'ਤੇ ਨਹੀਂ ਹਨ। ਧੰਨ ਗੁਰੂ ਤੇਗ ਬਹਾਦਰ ਜੀ ਸੰਸਾਰ ਦਾ ਦੁਖ ਹਰਨ ਵਾਲੇ, ਘਰ ਦੁਸ਼ਟ ਦਮਨ ਗੁਰੂ ਕਲਗੀਧਰ ਜੀ ਨੇ ਆਉਣਾ ਹੈ ਤੇ ਆਪ ਸਤਿਗੁਰੂ ਢਾਕੇ ਦੀ ਧਰਤੀ 'ਤੇ ਬੈਠੇ ਹਨ। 30 ਸਾਲ ਬਾਅਦ ਘਰ ਪਰਮਾਤਮਾ ਨੇ ਸੰਤਾਨ ਦਿੱਤੀ ਤੇ ਜਿਸ ਦਿਨ ਢਾਕੇ ਖ਼ਬਰ ਮਿਲੀ, ਉਸ ਦਿਨ ਧੰਨ ਗੁਰੂ ਤੇਗ ਬਹਾਦਰ ਕ੍ਰਿਪਾਲੂ ਜੀ ਵਾਪਸ ਨਹੀਂ ਆਏ। ਜਿਸ ਵੇਲੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਆਯੂ ਪੰਜ ਸਾਲ ਦੇ ਕਰੀਬ ਹੋ ਚੁੱਕੀ ਸੀ, ਉਸ ਸਮੇਂ ਪਿਤਾ ਤੇ ਪੁੱਤਰ ਦਾ ਮਿਲਾਪ ਹੋਇਆ। ਪੰਜ ਸਾਲ ਦੇ ਪੁੱਤਰ ਬਾਲਾ ਪ੍ਰੀਤਮ ਗੋਬਿੰਦ ਰਾਏ ਜੀ ਹੋ ਗਏ ਪਰ ਪਿਤਾ ਜੀ ਵਾਪਸ ਨਹੀਂ ਮੁੜੇ। ਤੇ ਜਿਸ ਦਿਨ ਪੁੱਤਰ ਨੂੰ ਪਹਿਲੀ ਵਾਰ ਦੇਖਿਆ ਤਾਂ ਉਸ ਦਿਨ ਪੁੱਤਰ ਨੇ ਜ਼ਿੰਦਗੀ ਦੇ ਪੰਜ ਸਾਲ ਬਤੀਤ ਕਰ ਦਿੱਤੇ ਸਨ। ਪਿਆਰਿਓ! ਸੋਰਠਿ ਰਾਗ ਵਿੱਚ ਜਦੋਂ ਅਸੀਂ ਸ਼ਬਦ ਪੜ੍ਹਦੇ ਹਾਂ, ਉਸਦੇ ਵਿੱਚ ਸਾਹਿਬ ਨੇ ਬ੍ਰਹਮ ਗਿਆਨੀ ਦੀ ਅਵਸਥਾ ਦੱਸੀ ਹੈ। ਬ੍ਰਹਮ ਗਿਆਨੀ ਦੀ ਅਵਸਥਾ ਕੇਵਲ ਬ੍ਰਹਮ ਗਿਆਨੀ ਨੂੰ ਚੀਨਣ

ਵਾਲਾ ਹੀ ਜਾਣਦਾ ਹੈ। ਗੁਰੂ ਜੀ ਨੇ ਬ੍ਰਹਮ ਗਿਆਨੀ ਦੀ ਪਰਿਭਾਸ਼ਾ ਦੇਂਦਿਆਂ ਕਿਹਾ ਹੈ:

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***

ਦੁਖ ਆਵੇ ਤੇ ਦੁਖ ਨੂੰ ਮੰਨੇ ਨਾ:

***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ ॥੧॥ ਰਹਾਉ ॥***

*(ਅੰਗ ੬੩੩)*

ਜਿਹੜਾ ਸੁੱਖ ਆਵੇ ਤਾਂ ਕਿਤੇ ਚਾਅ ਵਿੱਚ ਰੱਬ ਨੂੰ ਭੁੱਲ ਨਾ ਜਾਵੇ। ਮੋਹ ਦੀਆਂ ਤੰਦਾਂ ਦੇ ਸਨੇਹ ਕਰਕੇ ਪਰਿਵਾਰ ਵਿੱਚ ਖਚਤ ਨਾ ਹੋ ਜਾਏ। ਉਹਦੇ ਸਾਹਮਣੇ ਮਿੱਟੀ ਹੋਵੇ ਭਾਵੇਂ ਉਹਦੇ ਸਾਹਮਣੇ ਸੋਨਾ ਆ ਜਾਏ, ਸੋਨੇ ਤੇ ਮਿੱਟੀ ਨੂੰ ਇੱਕ ਬਰਾਬਰ ਜਾਣੇ।

***ਨਹ ਨਿੰਦਿਆ ਨਹ ਉਸਤਤਿ***
***ਜਾ ਕੈ ਲੋਭੁ ਮੋਹੁ ਅਭਿਮਾਨਾ ॥***

*(ਅੰਗ ੬੩੩)*

ਨਾ ਤਾਂ ਉਹਦੇ ਉੱਪਰ ਨਿੰਦਿਆ ਦਾ ਅਸਰ ਹੋਵੇ, ਨਾ ਉਸ ਮਹਾਂ ਪੁਰਸ਼ ਦੇ ਉੱਪਰ ਉਸਤਤ ਦਾ ਅਸਰ ਹੋਵੇ। ਧੰਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਇਹ ਬੜੀ ਵਾਰ ਉਸਤਤ ਤੇ ਨਿੰਦਿਆ ਆਵੇਗਾ। ਅਸੀਂ ਕਈ ਵਾਰ ਕਹਿੰਦੇ ਹਾਂ ਕਿ ਉਸਤਤ ਅਸਲ ਵਿੱਚ ਹੈ ਕੀ ਤੇ ਨਿੰਦਿਆ ਕੀ ਹੈ? ਪਹਿਲੇ ਸ਼ਬਦ ਵਿੱਚ ਵੀ ਸਾਹਿਬ ਨੇ ਕਿਹਾ ਕਿ:

***ਸੁਖੁ ਦੁਖੁ ਦੋਨੋ ਸਮ ਕਰਿ ਜਾਨੈ***
***ਅਉਰੁ ਮਾਨੁ ਅਪਮਾਨਾ ॥***
***ਹਰਖ ਸੋਗ ਤੇ ਰਹੈ ਅਤੀਤਾ***
***ਤਿਨਿ ਜਗਿ ਤਤੁ ਪਛਾਨਾ ॥੧॥***
***ਉਸਤਤਿ ਨਿੰਦਾ ਦੋਊ ਤਿਆਗੈ***
***ਖੋਜੈ ਪਦੁ ਨਿਰਬਾਨਾ ॥***

*(ਅੰਗ ੨੧੯)*

ਪਰ ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਪਹਿਲਾ ਸ਼ਬਦ ਪੜ੍ਹ ਕੇ ਇਹ ਨਾ ਕਹਿ ਲਈਂ ਕਿ ਮੈਨੂੰ ਤਾਂ ਦੋ-ਚਾਰ ਪਦਿਆਂ ਦਾ ਸ਼ਬਦ ਚੇਤੇ ਹੋ ਗਿਆ ਹੈ। ਵਿਆਖਿਆ ਕਰਨੀ ਸੌਖੀ ਹੈ, ਪਰ ਜਿਹੜੀ ਸ਼ਬਦ ਵਿੱਚ ਮੈਂ ਕਮਾਉਣ ਦੀ ਗੱਲ ਕਹੀ ਹੈ:

***ਜਨ ਨਾਨਕ ਇਹੁ ਖੇਲੁ ਕਠਨੁ ਹੈ***
***ਕਿਨਹੂੰ ਗੁਰਮੁਖਿ ਜਾਨਾ ॥੨॥੧॥***

*(ਅੰਗ ੨੧੯)*

ਇਹ ਖੇਡ ਬੜੀ ਮੁਸ਼ਕਿਲ ਹੈ। ਕਹਿਣਾ ਸੌਖਾ ਹੈ। ਸੋਰਠਿ ਰਾਗ ਵਿੱਚ ਕਹਿ ਰਹੇ ਹਨ:

***ਨਹ ਨਿੰਦਿਆ ਨਹ ਉਸਤਤਿ***
***ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ***
***ਨਾਹਿ ਮਾਨ ਅਪਮਾਨਾ ॥੧॥***
***ਆਸਾ ਮਨਸਾ ਸਗਲ ਤਿਆਗੈ***
***ਜਗ ਤੇ ਰਹੈ ਨਿਰਾਸਾ ॥***

ਗੁਰਮੁਖੋ! ਬ੍ਰਹਮ ਗਿਆਨੀ ਹੈ:

***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ***
***ਤਿਹ ਘਟਿ ਬ੍ਰਹਮੁ ਨਿਵਾਸਾ ॥੨॥***

*(ਅੰਗ ੬੩੩)*

ਜਿਸਨੂੰ ਕਾਮ ਕਰੋਧ ਸਪਰਸ਼ ਹੀ ਨਾ ਕਰੇ। ਕਿੰਨੀ ਪਰਮ ਅਵਸਥਾ ਹੋਵੇਗੀ। ਹਰ ਬੰਦੇ ਦੀ ਇਹ ਅਵਸਥਾ ਹੈ ਕਿ ਉਸਤਤ ਆਪਣੀ ਸੁਣ ਕੇ ਪ੍ਰਸੰਨ ਹੁੰਦਾ ਹੈ, ਨਿੰਦਿਆ ਦੂਸਰੇ ਦੀ ਸੁਣ ਕੇ ਖੁਸ਼ ਹੁੰਦਾ ਹੈ। ਉਸਤਤ ਹਮੇਸ਼ਾਂ ਖੁਸ਼ਾਮਦੀ ਬੰਦੇ ਕਰਦੇ ਹਨ ਤੇ ਨਿੰਦਿਆ ਹਮੇਸ਼ਾਂ ਈਰਖਾਲੂ ਬੰਦੇ ਕਰਦੇ ਹਨ। ਹੁਣ ਉਸਤਤ ਤੇ ਨਿੰਦਿਆ ਇੱਕ ਸਿੱਕੇ ਦੇ ਦੋ ਪਹਿਲੂ ਹਨ। ਇੱਕ ਪਾਸੇ ਉਸਤਤ ਹੈ ਤੇ ਦੂਸਰੇ ਪਾਸੇ ਨਿੰਦਿਆ ਹੈ। ਗੁਰਮੁਖੋ! ਉਸਤਤ ਦਾ ਅਰਥ ਹੁੰਦਾ ਹੈ ਸਿਫਤ ਕਰਨੀ। ਬਾਬਾ ਜੀ ਨੇ ਬਾਣੀ ਵਿੱਚ ਕਿਹਾ ਹੈ:

***ਉਸਤਤਿ ਮਨ ਮਹਿ ਕਰਿ ਨਿਰੰਕਾਰ ॥***

***(ਅੰਗ ੨੮੧)***

ਪਰ ਇੱਥੇ ਕਿਹਾ:

***ਉਸਤਤਿ ਨਿੰਦਾ ਦੋਊ ਤਿਆਗੈ***

***(ਅੰਗ ੨੧੯)***

***ਨਹ ਨਿੰਦਿਆ ਨਹ ਉਸਤਤਿ***
***ਜਾ ਕੈ ਲੋਭੁ ਮੋਹੁ ਅਭਿਮਾਨਾ ॥***

***(ਅੰਗ ੬੩੩)***

ਕਹਿੰਦੇ ਹਨ ਕੰਡੇ ਲਈ ਸਿਫਤ ਕਰਕੇ ਫੁੱਲ ਬਣਾ ਕੇ ਪੇਸ਼ ਕਰਨਾ ਇਹ ਉਸਤਤਿ ਹੈ। ਹਕੀਕਤ ਵਿੱਚ ਉਹ ਕੰਡਾ ਹੈ। ਕੰਡੇ ਦੀਆਂ ਸਿਫਤਾਂ ਕਰ ਕਰ ਕੇ ਫੁੱਲ ਬਣਾ ਦੇਣਾ, ਇਹ ਵੀ ਅਪਰਾਧ ਹੈ। ਹੋਵੇ ਖਿੜਿਆ ਫੁੱਲ ਤੇ ਈਰਖਾ ਕਰਕੇ ਕਹੀਏ, ਇੱਥੇ ਫੁੱਲ ਨਹੀਂ, ਇੱਥੇ ਤਾਂ ਕੰਡੇ ਹਨ, ਕੰਡੇ ਨੂੰ ਫੁੱਲ ਬਣਾ ਕੇ ਪੇਸ਼ ਕਰਨਾ ਇਹ ਕੰਡੇ ਦੀ ਉਸਤਤਿ ਹੈ। ਤੇ ਫੁੱਲ ਨੂੰ ਕੰਡਾ ਬਣਾ ਕੇ ਲੋਕਾਂ ਵਿੱਚ ਪ੍ਰਚਾਰਨਾ ਇਹ ਫੁੱਲ ਦੀ ਨਿੰਦਿਆ ਹੈ। ਹੋਵੇ ਕਮਾਈ ਵਾਲਾ ਸਤਿ ਪੁਰਸ਼ ਤੇ ਈਰਖਾ ਵੱਸ ਹੋ ਕੇ ਉਸ ਦਾ ਭੰਡੀ ਪ੍ਰਚਾਰ ਕਰਨ ਲੱਗ ਪੈਣਾ, ਇਹ ਅਸਲ ਵਿੱਚ ਨਿੰਦਿਆ ਹੈ। ਹੋਵੇ ਬੰਦਾ ਅਪਰਾਧੀ ਤੇ ਚਾਰ ਟੱਕਿਆਂ ਦੀ ਖਾਤਰ ਉਸ ਦੀਆਂ ਸਿਫਤਾਂ ਕਰਨ ਲੱਗ ਪੈਣਾ, ਇਹ ਝੂਠੀ ਉਸਤਤਿ ਹੈ। ਗੁਰੂ ਜੀ ਨੇ ਕਿਹਾ, ਨਾ ਤੂੰ ਉਸਤਤਿ ਕਰੀਂ। ਨਾ ਤੂੰ ਨਿੰਦਿਆ ਕਰੀਂ। ਉਸਤਤਿ ਤੇ ਨਿੰਦਿਆ ਤੋਂ ਉੱਪਰ ਉੱਠ ਜਾ। ਗੁਰਮੁਖੋ! ਬਹੁਤ ਮੁਸ਼ਕਿਲ ਹੈ ਇਸ ਅਵਸਥਾ ਵਿੱਚ ਪਹੁੰਚਣਾ।

ਦੁਨੀਆਂ ਵਿੱਚ ਕੋਈ ਵੀ ਐਸੀ ਚੀਜ਼ ਨਹੀਂ, ਜਿਸਦੇ ਵਿੱਚ ਪਰਮਾਤਮਾ ਨੇ ਗੁਣ ਨਹੀਂ ਪੈਦਾ ਕੀਤਾ। ਇਹ ਬੰਦੇ ਦੀ ਬਿਰਤੀ ਹੈ ਕਿ ਉਸ ਨੇ ਹਾਸਿਲ ਕੀ ਕਰਨਾ ਹੈ। ਭਾਈ ਗੁਰਦਾਸ ਜੀ ਨੇ ਇੱਕ ਬਹੁਤ ਸੋਹਣੀ ਉਦਾਹਰਣ ਦਿੱਤੀ ਹੈ, ਉਸਤਤਿ ਤੇ ਨਿੰਦਿਆ ਸੰਬੰਧੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਦੇਖੋ ਬੰਦੇ ਦਾ ਨਜ਼ਰੀਆ ਕੀ ਹੈ? ਸਾਵਣ ਦਾ ਬੱਦਲ ਆਇਆ ਹੈ। ਕਾਲੀਆਂ ਘਟਾਵਾਂ ਚੜ੍ਹੀਆਂ ਹਨ, ਬਿਜਲੀ ਚਮਕੀ, ਬੱਦਲ ਗਰਜਿਆ ਤੇ ਮੋਰ ਦਾ ਸੁਭਾਅ ਹੈ ਕਿ ਉਹ ਕਾਲੀਆਂ ਘਟਾਵਾਂ ਨੂੰ ਦੇਖ ਕੇ ਪ੍ਰਸੰਨ ਹੁੰਦਾ ਹੈ। ਮੋਰ ਨੇ ਕਾਲਾ ਬੱਦਲ ਦੇਖਿਆ ਤੇ ਪੈਲਾਂ ਪਾਉਣ ਲੱਗ ਪਿਆ। ਉਹਦੇ ਖੰਭ ਬਹੁਤ ਸੋਹਣੇ ਸਨ। ਜਦੋਂ ਉਹਦੇ ਖੰਭਾਂ ਨੂੰ ਇੱਕ ਗੁਣ ਲੈਣ ਵਾਲੇ ਨੇ ਦੇਖਿਆ, ਤੇ ਮਨ ਵਿੱਚ ਆਇਆ ਕਿ ਚਿੱਤਰਕਾਰ, ਪੇਂਟਰ ਇਸ ਦੁਨੀਆਂ ਵਿੱਚ ਵੀ ਬਹੁਤ ਹਨ, ਪਰ ਤੇਰੇ ਵਰਗਾ ਕੋਈ ਪੇਂਟਰ, ਕੋਈ ਚਿੱਤਰਕਾਰ ਨਹੀਂ। ਤੂੰ ਐਸੀ ਕਿਰਪਾ ਕੀਤੀ ਹੈ। ਦੁਨੀਆਂ ਦਾ ਚਿੱਤਰਕਾਰ ਕੋਈ ਰੰਗ ਭਰੇ ਤਾਂ ਧੁੱਪ ਵਿੱਚ ਰੰਗ ਫੇਟ ਹੋ ਜਾਏਗਾ। ਮੀਂਹ ਵਿੱਚ ਰੰਗ ਹੋ ਸਕਦਾ ਹੈ ਉਤਰ ਜਾਏ। ਕੁਝ ਸਾਲਾਂ ਤੋਂ ਬਾਅਦ ਉਹਦੇ ਭਰੇ ਹੋਏ ਰੰਗ ਮੱਧਮ ਪੈ ਜਾਂਦੇ ਹਨ। ਤੂੰ ਕਿਹੋ ਜਿਹਾ ਚਿੱਤਰਕਾਰ ਹੈਂ, ਪਰਮਾਤਮਾ! ਜਿਸ ਦਿਨ ਦੀ ਤੂੰ ਮੋਰ ਦੀ ਨਸਲ ਪੈਦਾ ਕੀਤੀ ਹੈ, ਉਸ ਦਿਨ ਦਾ ਇਹਦੇ ਖੰਭਾਂ ਵਿੱਚ ਇਹੋ ਜਿਹਾ ਰੰਗ ਭਰ ਦਿੱਤਾ ਹੈ ਕਿ ਰੰਗ ਵਿੱਚ ਤਬਦੀਲੀ ਹੀ ਕੋਈ ਨਹੀਂ ਕੀਤੀ। ਕਈ ਯੁੱਗ ਹੋ ਗਏ। ਮੋਰ ਵਿੱਚ ਭਰਿਆ ਰੰਗ ਤੇਰਾ, ਨਾ ਤਾਂ ਇਹਨੂੰ ਧੁੱਪ ਫੇਟ ਕਰਦੀ ਹੈ, ਨਾ ਮੀਂਹ ਵਿੱਚ ਰੰਗ ਉਤਰਦਾ ਹੈ। ਹੇ ਪਰਮਾਤਮਾ! ਤੇਰੇ ਤੋਂ ਵੱਡਾ ਚਿੱਤਰਕਾਰ ਕੋਈ ਨਹੀਂ। ਹੁਣ ਜਿਸ ਨੇ ਗੁਣ ਲੈਣਾ ਹੈ, ਉਸ ਨੇ ਮੋਰ ਦੇ ਖੰਭਾਂ ਵਿੱਚੋਂ, ਮੋਰ ਦੀ ਆਵਾਜ਼ ਵਿੱਚੋਂ, ਮੋਰ ਦੀਆਂ ਅੱਖਾਂ ਵਿੱਚੋਂ ਗੁਣ ਲੈ ਲਵੇ। ਭਾਈ ਸਾਹਿਬ ਕਹਿੰਦੇ ਹਨ ਕਿ ਇੱਕ ਔਗੁਣ ਵੇਖਣ ਵਾਲਾ ਨਿੰਦਕ ਆ ਗਿਆ। ਕਹਿਣ ਲੱਗਾ, ਤੂੰ ਮੋਰ ਦੇ ਖੰਭਾਂ ਦੀ ਸਿਫਤ ਕਰਨ ਲੱਗਾ ਹੈਂ। ਤੂੰ ਮੋਰ ਦੀਆਂ ਅੱਖਾਂ ਦੀ ਉਸਤਤਿ ਕਰਦਾ ਹੈਂ ਪਰ ਤੈਨੂੰ ਇਹਦੇ ਪੈਰ ਨਹੀਂ ਨਜ਼ਰ ਆਉਂਦੇ? ਇਹਦੇ ਪੈਰ ਅਤਿ ਦੇ ਮਲੀਨ ਹਨ।

ਗੁਰਮੁਖੋ! ਮੋਰ ਇਕੋ ਹੀ ਹੈ। ਗੁਣ ਲੈਣ ਵਾਲੇ ਨੂੰ ਖੰਭ, ਅੱਖਾਂ ਤੇ ਆਵਾਜ਼ ਨਜ਼ਰ ਆਉਂਦੀ ਹੈ ਤੇ ਜਿਸਨੇ ਔਗੁਣ ਵੇਖਣੇ ਹਨ, ਉਹ ਇਕੱਲੇ ਪੈਰ ਹੀ ਦੇਖੀ ਜਾਂਦਾ ਹੈ। ਮੋਰ ਇੱਕ ਤੇ ਨਜ਼ਰੀਏ ਦੋ ਕਿਉਂ? ਇੱਕ ਗੁਣਾਂ ਦਾ ਗਾਹਕ ਹੈ, ਇੱਕ ਔਗੁਣ ਇਕੱਠੇ ਕਰਨ ਵਾਲਾ ਹੈ। ਜਿਹੜਾ ਗੁਣਵਾਨ ਹੈ, ਉਹ ਖੰਭ ਦੇਖਦਾ ਹੈ।

ਭਾਈ ਸਾਹਿਬ ਨੇ ਦੂਜਾ ਪ੍ਰਮਾਣ ਦਿੱਤਾ ਹੈ। ਕਹਿਣ ਲੱਗੇ, ਹੁਣ ਚੰਦਨ ਦਾ ਪੇੜ ਹੈ। ਜਿਸ ਨੇ ਗੁਣ ਲੈਣਾ ਹੈ, ਉਹ ਜਾ ਕੇ ਕਹੇਗਾ ਦੇਖੋ ਭਾਈ, ਚੰਦਨ ਦੇ ਰੁੱਖ ਵਿੱਚ ਪਰਮਾਤਮਾ ਨੇ ਸੁਗੰਧੀ ਟਿਕਾ ਦਿੱਤੀ ਹੈ। ਚੰਦਨ ਦੇ ਰੁੱਖ ਵਿੱਚ ਠੰਡਕ ਹੈ। ਇਹਦੇ ਨੇੜੇ ਆ ਕੇ ਠੰਡ ਮਿਲਦੀ ਹੈ ਪਰ ਜਿਸ ਨੇ ਔਗੁਣ ਲੈਣਾ ਹੈ, ਉਹ ਚੰਦਨ ਦੀ ਸੁਗੰਧੀ, ਚੰਦਨ ਦੀ ਸੀਤਲਤਾ, ਚੰਦਨ ਦੀ ਠੰਡਕ ਦੀ ਗੱਲ ਨਹੀਂ ਕਰੇਗਾ, ਉਹ ਇੱਕੋ ਗੱਲ ਕਹੇਗਾ ਕਿ ਤੁਸੀਂ ਚੰਦਨ ਦੀਆਂ ਸਿਫਤਾਂ ਕਰਦੇ ਹੋ, ਇਹਦੇ ਨੇੜੇ ਜਾ ਕੇ ਦੇਖੋ, ਜ਼ਹਿਰੀਲੇ ਸੱਪਾਂ ਨੇ ਇਹਨੂੰ ਕਲੰਕ ਲਾਇਆ ਹੈ। ਗੁਣ ਵਾਲੇ ਨੂੰ ਚੰਦਨ ਦੀ ਸੁਗੰਧੀ ਤੇ ਠੰਡ ਮਹਿਸੂਸ ਹੁੰਦੀ ਹੈ ਤੇ ਜਿਸ ਨੇ ਔਗੁਣ ਲੈਣਾ ਹੈ ਪਿਆਰਿਓ! ਉਹ ਚੰਦਨ ਵਿੱਚ ਬੈਠੇ, ਚੰਦਨ ਨਾਲ ਲਿਪਟੇ ਹੋਏ ਸੱਪ ਹੀ ਦੇਖੀ ਜਾਂਦਾ ਹੈ। ਇੱਕ ਨੂੰ ਸੱਪ ਨਜ਼ਰ ਆਉਂਦੇ ਹਨ ਤੇ ਦੂਸਰੇ ਨੂੰ ਠੰਡ ਦਿੱਸਦੀ ਹੈ। ਭਾਈ ਸਾਹਿਬ ਨੇ ਤੀਸਰੀ ਗੱਲ ਕਹੀ, ਗੁਣ ਲੈਣ ਵਾਲਾ ਕਹਿੰਦਾ ਹੈ ਕਿ ਪਰਮਾਤਮਾ! ਤੂੰ ਦੇਖ ਇਸ ਚਿੱਕੜ ਵਿੱਚ ਕਮਲ ਦਾ ਫੁੱਲ ਪੈਦਾ ਕਰ ਦਿੱਤਾ। ਤੇਰੇ ਕੋਲ ਇੰਨੀ ਸਮਰੱਥਾ ਹੈ ਕਿ ਤੂੰ ਚਿੱਕੜ ਵਿੱਚ ਵੀ ਖੇੜਾ ਪੈਦਾ ਕਰ ਸਕਦਾ ਹੈਂ। ਗੁਣ ਵੇਖਣ ਵਾਲਾ ਫੁੱਲ ਨੂੰ ਦੇਖ ਕੇ ਕਹਿੰਦਾ ਹੈ ਕਿ ਫੁੱਲ ਦੀਆਂ ਪੱਤੀਆਂ ਦੇਖੋ, ਫੁੱਲ ਦੇ ਰੰਗ ਵੇਖੋ, ਫੁੱਲ ਦੀ ਸੁਗੰਧੀ ਦੇਖੋ ਤੇ ਔਗੁਣ ਇਕੱਠੇ ਕਰਨ ਵਾਲਾ ਕਹਿੰਦਾ ਹੈ, ਤੈਨੂੰ ਫੁੱਲ ਦੀਆਂ ਪੱਤੀਆਂ ਦਿੱਸਦੀਆਂ ਹਨ, ਇਸ ਦੇ ਉਪਰੋਂ ਕੇਵਲ ਫੁੱਲ ਨੂੰ ਨਾ ਦੇਖ, ਇਹਦੀਆਂ ਜੜ੍ਹਾਂ ਵੱਲ ਝਾਤੀ ਮਾਰ, ਚਿੱਕੜ ਦੇ ਨਾਲ ਇਹਦੇ ਕੋਲ ਡੱਡੂ ਵੀ ਬੈਠਾ ਹੋਇਆ ਹੈ। ਉਹਨੂੰ ਕਮਲ ਫੁੱਲ ਦੇ ਕੰਡੇ, ਕਮਲ ਫੁੱਲ ਦਾ ਚਿੱਕੜ ਦਿੱਸਦਾ ਹੈ। ਤੇ ਗੁਣ ਵਾਲੇ ਨੂੰ ਉਹਦੇ ਵਿੱਚੋਂ ਸੁਗੰਧੀ ਦਿੱਸਦੀ ਹੈ।

ਭਾਈ ਸਾਹਿਬ ਨੇ ਚੌਥਾ ਪ੍ਰਮਾਣ ਦਿੱਤਾ ਹੈ। ਕਹਿੰਦੇ ਹਨ ਪਿਆਰਿਓ! ਇੱਕ ਅੰਮ੍ਰਿਤ ਫਲ ਹੈ। ਆਪਾਂ ਅੰਬ ਦੇ ਫਲ ਨੂੰ ਅੰਮ੍ਰਿਤ ਫਲ ਵੀ ਕਹਿੰਦੇ ਹਾਂ। ਕੋਈ ਇਨਸਾਨ ਅੰਬ ਦਾ ਫਲ ਖਾਏ ਜਾਂ ਅੰਬ ਦੇ ਫਲ ਦਾ ਰਸ ਚੂਸੇ। ਅੰਬ ਨੂੰ ਚੂਸ ਲਏ ਤੇ ਉਸ ਵਿੱਚ ਇਤਨੇ ਗੁਣ ਹਨ ਕਿ ਕਈ ਬਿਮਾਰੀਆਂ ਦਾ ਖਾਤਮਾ ਹੋ ਜਾਂਦਾ ਹੈ। ਹੁਣ ਇੱਕ ਸਿਫਤ ਕਰਨ ਵਾਲੇ ਨੇ ਕਹਿ ਦਿੱਤਾ ਕਿ ਪਰਮਾਤਮਾ! ਤੂੰ ਕਿਹੋ ਜਿਹਾ ਕ੍ਰਿਪਾਲੂ ਹੈਂ। ਅੰਬ ਦੇ ਪੇੜ ਦੀ ਲੱਕੜ ਵਿੱਚ ਅੱਗ ਹੈ ਤੇ ਤੂੰ ਤਾਂ ਅੱਗ ਵਿੱਚ ਵੀ ਰਸਦਾਇਕ ਫਲ ਪੈਦਾ ਕਰ ਦਿੱਤੇ ਹਨ। ਇਸ ਲੱਕੜ ਵਿੱਚੋਂ ਵੀ ਰਸ ਅੰਬ ਵਿੱਚ ਭਰ ਦਿੱਤਾ ਤੇ ਅੰਬ ਦਾ ਰਸ ਕਈ ਰੋਗ ਦੂਰ ਕਰਦਾ ਹੈ। ਔਗੁਣ ਇਕੱਠੇ ਕਰਨ ਵਾਲਾ ਕਹੇਗਾ ਕਿ ਅੰਬ ਦਾ ਰਸ ਨਾ ਦੇਖ, ਇਸ ਦੀ ਗੁੱਠਲੀ ਨੂੰ ਤੋੜ ਕੇ ਇਸ ਦੇ ਵਿੱਚ ਜਿਹੜਾ ਬੀਜ ਪਿਆ ਹੈ, ਕਦੀ ਉਸਨੂੰ ਚੱਖ ਕੇ ਦੇਖ ਲੈ, ਉਹ ਜ਼ਹਿਰ ਤੋਂ ਵੱਧ ਕੌੜਾ ਹੈ। ਪਿਆਰਿਓ! ਗੁਰਮਤਿ ਦਾ ਸਿਧਾਂਤ ਹੈ ਕਿ ਔਗੁਣ ਨਾ ਇਕੱਠੇ ਕਰ, ਤੂੰ ਗੁਣਾਂ ਦਾ ਗਾਹਕ ਬਣ। ਭਾਈ ਗੁਰਦਾਸ ਜੀ ਦਾ ਬਚਨ ਹੈ:

***ਜੈਸੇ ਨੈਨ ਬੈਨ ਪੰਖ ਸੁੰਦਰ ਸ੍ਰਬੰਗ ਮੋਰ***
***ਤਾਕੇ ਪਗ ਓਰ ਦੇਖਿ ਦੋਖ ਨ ਬੀਚਾਰੀਐ।***
***ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ॥***
***ਕੰਟਕਿ ਬਿਲੋਕਿ ਨ ਅਉਗਨ ਉਰਧਾਰੀਐ।***
***ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸਵਾਦ***

***ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ ।***
***ਤੈਸੇ ਗੁਰ ਗਿਆਨ ਦਾਨ ਸਬਹੁ ਸੈ ਮਾਗਿ ਲੀਜੈ***

ਪਿਆਰਿਆ ! ਜਿੱਥੋਂ ਤੈਨੂੰ ਗੁਣ ਮਿਲਦੇ ਹਨ, ਕਹਿਣ ਲੱਗੇ—

***ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ ।।੩੯੯।।***
***(ਭਾਈ ਗੁਰਦਾਸ ਜੀ ਕਬਿਤ ਸਵੱਯੇ)***

ਨਿੰਦਕ ਬਣੇਂਗਾ ਤਾਂ ਚੇਤੇ ਰੱਖੀਂ, ਈਰਖਾ ਪੈਦਾ ਹੋਵੇਗੀ। ਜੇ ਪਿਆਰਿਆ, ਖ਼ੁਸ਼ਾਮਦੀ ਕਰੇਂਗਾ ਤਾਂ ਝੂਠੀਆਂ ਉਸਤਤਾਂ ਕਰੇਂਗਾ। ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਜਿਹੜਾ ਬ੍ਰਹਮ ਗਿਆਨੀ ਹੈ, ਉਹ ਨਾ ਉਸਤਤਿ ਕਰਦਾ ਹੈ, ਨਾ ਨਿੰਦਿਆ ਕਰਦਾ ਹੈ। ਨਾ ਹਰਖ ਵਿੱਚ ਪੈਂਦਾ ਹੈ, ਨਾ ਸੋਗ ਵਿੱਚ ਪੈਂਦਾ ਹੈ। ਨਾ ਉਹ ਮਿੱਟੀ ਨੂੰ ਤੱਕਦਾ ਹੈ, ਨਾ ਉਹ ਸੋਨੇ ਨੂੰ ਤੱਕਦਾ ਹੈ। ਉਸਨੂੰ ਧੰਨ ਗੁਰੂ ਤੇਗ ਬਹਾਦਰ ਜੀ ਆਖਦੇ ਹਨ ਕਿ ਜਿਹੜਾ ਪੂਰਨ ਪੁਰਸ਼ ਹੈ:

***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ।।***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ।।੨।।***
***(ਅੰਗ ੬੩੩)***

ਉਸ ਦੇ ਅੰਦਰ ਬ੍ਰਹਮ ਦਾ ਨਿਵਾਸ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਧੰਨ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਪੜ੍ਹੋ। ਗੁਰੂ ਸਾਹਿਬ ਨੇ ਕਿਹਾ ਹੈ ਕਿ ਬ੍ਰਹਮ ਗਿਆਨੀ, ਪੰਜ ਤੱਤਾਂ ਤੋਂ ਪੰਜ ਗੁਣ ਲੈਂਦਾ ਹੈ ਤੇ ਪੰਜਾਂ ਤੱਤਾਂ ਦੀ ਰਹਿਤ ਜਿਉਂਦਾ ਹੈ। ਹੁਣ ਪੰਜ ਤੱਤ ਹਨ- ਪਾਣੀ, ਅੱਗ, ਹਵਾ, ਮਿੱਟੀ ਤੇ ਅਕਾਸ਼। ਇਨ੍ਹਾਂ ਪੰਜਾਂ ਤੱਤਾਂ ਦੀ ਰਹਿਤ ਹੈ। ਹਰ ਤੱਤ ਦੀ ਆਪਣੀ ਰਹਿਤ ਹੈ। ਬ੍ਰਹਮ ਗਿਆਨੀ ਪੰਜਾਂ ਤੱਤਾਂ ਦੀ ਰਹਿਤ ਵਿੱਚੋਂ ਇੱਕ-ਇੱਕ ਰਹਿਤ ਲੈ ਕੇ ਆਪਣੇ ਜੀਵਨ ਨੂੰ ਕਮਾਉਂਦਾ ਹੈ।

ਬ੍ਰਹਮ ਦਾ ਨਿਵਾਸ ਜਿਹਦੇ ਵਿੱਚ ਹੈ, ਸਭ ਤੋਂ ਪਹਿਲੀ ਗੱਲ ਬ੍ਰਹਮ ਗਿਆਨੀ ਪਾਣੀ ਦੀ ਤਰ੍ਹਾਂ ਹੈ। ਉਹ ਤੱਤਾਂ ਤੋਂ ਗੁਣ ਲੈਂਦਾ ਹੈ। ਕਿਵੇਂ ਜੀ? ਪਾਣੀ ਕਦੇ ਵੀ ਮੈਲਾ ਨਹੀਂ ਹੁੰਦਾ। ਜਿੰਨਾ ਮਰਜ਼ੀ ਮੈਲਾ ਹੋ ਜਾਏ, ਉਹਦੇ ਵਿੱਚ ਨਿਰਮਲਤਾਈ ਦੇ ਤੱਤ ਮੌਜੂਦ ਹਨ। ਜਿਵੇਂ ਪਾਣੀ ਨਿਰਮਲ ਤੋਂ ਨਿਰਮਲਾ ਹੈ, ਉਹ ਮੈਲ ਕੱਢ ਕੇ ਫਿਰ ਵੀ ਨਿਰਮਲ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਕਰੋੜਾਂ ਪਾਪੀਆਂ ਨੂੰ ਅੰਦਰੋਂ ਧੋ ਕੇ, ਕਰੋੜਾਂ ਮਲੀਨ ਬਿਰਤੀ ਵਾਲਿਆਂ ਦੇ ਕੋਲ ਬੈਠ ਕੇ ਵੀ ਨਿਰਮਲ ਦਾ ਨਿਰਮਲ ਹੈ।

ਦੂਸਰਾ ਬ੍ਰਹਮ ਗਿਆਨੀ ਵਿੱਚ ਗੁਣ ਹੈ ਕਿ ਉਹ ਅੱਗ ਦੇ ਸੁਭਾਅ ਵਾਲਾ ਹੈ। ਅੱਗ ਤਾਂ ਸਾੜਦੀ ਹੈ। ਨਹੀਂ, ਅੱਗ ਦਾ ਇੱਕ ਸੁਤੇ ਸਿਧ ਸੁਭਾਅ ਹੈ ਕਿ ਕੋਈ ਵੀ ਅੱਗ ਦੇ ਕੋਲ ਆਏ, ਉਹਨੇ ਅੱਗ ਦੇ ਕੋਲ ਆਏ ਹੋਏ ਨੂੰ ਨਿੱਘ ਦੇਣਾ ਹੈ। ਅੱਗ ਦਾ ਸੁਭਾਅ ਹੈ ਉਹ ਸੋਨੇ ਦੀ ਮੈਲ ਸਾੜ ਦੇਵੇਗੀ ਤੇ ਬ੍ਰਹਮ ਗਿਆਨੀ ਕੋਲ ਸੁਤੇ ਸਿਧ ਕੋਈ ਆਵੇ, ਤਾਂ ਆਪਣੇ ਨਿੱਘ ਤੇ ਆਪਣੇ ਅੰਦਰ ਦਾ ਸੁੱਖ ਹਰ ਇੱਕ ਆਏ ਹੋਏ ਨੂੰ ਉਹ ਬਖਸ਼ ਦੇਂਦਾ ਹੈ।

ਤੀਸਰਾ ਤੱਤ ਹੈ ਹਵਾ, ਹਵਾ ਦਾ ਸੁਭਾਅ ਹੈ ਸਮਦ੍ਰਿਸ਼ਟਤਾ। ਹਵਾ ਗਰੀਬ ਨੂੰ ਵੀ ਉਹ ਸੁੱਖ ਦੇਵੇਗੀ, ਹਵਾ ਅਮੀਰ ਨੂੰ ਵੀ ਉਹ ਸੁੱਖ ਦੇਵੇਗੀ। ਬ੍ਰਹਮ ਗਿਆਨੀ ਕੋਲ ਉੱਚੇ ਮਹੱਲਾਂ ਵਾਲਾ ਆ ਜਾਏ, ਭਾਵੇਂ ਕੱਖਾਂ ਦੀ ਕੁੱਲੀ ਵਾਲਾ ਵੀ ਆ ਜਾਏ, ਉਸ ਦੀ ਦ੍ਰਿਸ਼ਟੀ ਵਿੱਚ ਕਦੀ ਅੰਤਰ ਨਹੀਂ ਆਉਂਦਾ। ਉਹ ਹਵਾ ਦੀ ਤਰ੍ਹਾਂ ਸਮਦ੍ਰਿਸ਼ਟੀ ਹੈ।

ਚੌਥਾ ਤੱਤ ਹੈ ਮਿੱਟੀ। ਹੁਣ ਧਰਤੀ ਨੂੰ ਕੋਈ ਪੁੱਟ ਲਏ, ਤਾਂ ਧਰਤੀ ਰੋਂਦੀ ਨਹੀਂ। ਉਹ ਉਲਾਂਭੇ ਨਹੀਂ ਦਿੰਦੀ। ਜੇ ਕੋਈ ਧਰਤੀ 'ਤੇ ਚੰਦਨ ਦਾ ਲੇਪਨ ਕਰ ਦੇਵੇ, ਤਾਂ ਧਰਤੀ ਸਿਫਤਾਂ ਨਹੀਂ ਕਰਦੀ। ਰੱਬ ਦੇ ਪਿਆਰੇ ਨੂੰ ਕੌੜੇ ਭੈੜੇ ਸ਼ਬਦ ਬੋਲੋ,

ਤਾਂ ਚੇਤੇ ਰਖਿਉ, ਬ੍ਰਹਮ ਗਿਆਨੀ ਕਦੇ ਵੀ ਸਰਾਪ ਨਹੀਂ ਦੇਂਦਾ ਅਤੇ ਜੇ ਲੋਕ ਉਸਨੂੰ ਜੀ ਆਇਆਂ ਕਹਿਣ ਤਾਂ ਲੋਕਾਂ ਦੀਆਂ ਝੂਠੀਆਂ ਉਸਤਤਾਂ ਨਹੀਂ ਕਰਦਾ।

ਮੈਂ ਅਰਜ਼ ਕਰ ਰਿਹਾ ਹਾਂ ਕਿ ਪੰਜਵਾਂ ਤੱਤ ਹੈ ਅਕਾਸ਼। ਕਿਤੇ ਵੀ ਚਲੇ ਜਾਉ, ਅਕਾਸ਼ ਪਰੀਪੂਰਨ ਹੈ। ਇਸ ਧਰਤੀ 'ਤੇ ਵੀ ਅਕਾਸ਼ ਹੈ। ਜਿਵੇਂ ਇਨਸਾਨ ਹਰ ਥਾਂ ਅਕਾਸ਼ ਨੂੰ ਜਾਣਦਾ ਹੈ, ਇਵੇਂ ਬ੍ਰਹਮ ਗਿਆਨੀ ਦੇ ਅੰਦਰ ਇਤਨਾ ਚਾਨਣ ਹੈ ਕਿ ਉਹ ਕਿਤੇ ਵੀ ਚਲਾ ਜਾਏ, ਪਰੀਪੂਰਨ ਪਰਮਾਤਮਾ ਨੂੰ ਸਦਾ ਵਿਆਪਕ ਹੀ ਜਾਣਦਾ ਹੈ।

ਪਹਿਲਾ ਗੁਣ ਹੈ ਪਾਣੀ ਦਾ-

***ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥***
***ਜੈਸੇ ਮੈਲੁ ਨ ਲਾਗੈ ਜਲਾ ॥***

*(ਅੰਗ ੨੭੨)*

ਜਿਸ ਤਰ੍ਹਾਂ ਪਾਣੀ ਨੂੰ ਮੈਲ ਨਹੀਂ ਲੱਗਦੀ, ਬ੍ਰਹਮ ਗਿਆਨੀ ਦੇ ਜੀਵਨ 'ਤੇ ਕੋਈ ਲੇਪ-ਛੇਪ ਨਹੀਂ। ਉਸ ਤੋਂ ਅੱਗੇ ਹੈ ਅੱਗ। ਸਾਹਿਬ ਕਹਿੰਦੇ ਹਨ-

***ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥***
***ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥***

*(ਅੰਗ ੨੭੨)*

ਸੁਤੇ-ਸਿਧ ਕੋਈ ਅੱਗ ਕੋਲ ਆਵੇ ਤਾਂ ਉਸਨੂੰ ਨਿੱਘ ਮਿਲੇਗਾ। ਤੀਸਰਾ ਗੁਣ ਹੈ ਹਵਾ। ਹਜ਼ੂਰ ਜੀ ਨੇ ਕਿਹਾ-

***ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥***
***ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥***

*(ਅੰਗ ੨੭੨)*

ਜਿਵੇਂ ਗਰੀਬ-ਅਮੀਰ ਨੂੰ ਇਕੋ ਜਿਹੀ ਹਵਾ ਸਪਰਸ਼ ਕਰਦੀ ਹੈ, ਗੁਰਮੁਖੋ! ਬ੍ਰਹਮ ਗਿਆਨੀ ਦੀ ਨਦਰਿ ਵਿੱਚ ਕੋਈ ਵਿਤਕਰਾ ਨਹੀਂ। ਧੀਰਜ ਇੰਨਾ ਹੈ ਕਿ-

***ਬ੍ਰਹਮ ਗਿਆਨੀ ਕੈ ਧੀਰਜੁ ਏਕ ॥***
***ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥***

*(ਅੰਗ ੨੭੨)*

ਧਰਤੀ ਨੂੰ ਕੋਈ ਪੁੱਟ ਦੇਵੇ ਤਾਂ ਧਰਤੀ ਕਦੀ ਕਲਪਦੀ ਨਹੀਂ। ਕੋਈ ਚੰਦਨ ਦਾ ਲੇਪਨ ਕਰ ਦੇਵੇ ਤਾਂ ਧਰਤੀ ਖੁਸ਼ਾਮਦਾਂ ਨਹੀਂ ਕਰਦੀ। ਬਾਬਾ ਜੀ ਨੇ ਕਿਹਾ-

***ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥***
***ਜੈਸੇ ਧਰ ਊਪਰਿ ਆਕਾਸੁ ॥***

*(ਅੰਗ ੨੭੨)*

ਜਿਵੇਂ ਆਕਾਸ਼ ਸਰਵ-ਵਿਆਪਕ ਹੈ, ਤਿਵੇਂ ਬ੍ਰਹਮ ਗਿਆਨੀ ਕਿਤੇ ਵੀ ਚਲਾ ਜਾਏ, ਸਰਬ ਵਿਆਪਕ ਪਰਮਾਤਮਾ ਉਸ ਦੇ ਅੰਗ-ਸੰਗ ਹੈ। ਹਜ਼ੂਰ ਜੀ ਦੇ ਬਚਨ ਹਨ-

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ ॥੧॥ ਰਹਾਉ ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ***
***ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ***
***ਨਾਹਿ ਮਾਨ ਅਪਮਾਨਾ ॥੧॥***
***ਆਸਾ ਮਨਸਾ ਸਗਲ ਤਿਆਗੈ***
***ਜਗ ਤੇ ਰਹੈ ਨਿਰਾਸਾ ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ***
***ਤਿਹ ਘਟਿ ਬ੍ਰਹਮੁ ਨਿਵਾਸਾ ॥੨॥***

*(ਅੰਗ ੬੩੩)*

*-ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

❑❑❑

# ਬਾਬਾ ਮੱਖਣ ਸ਼ਾਹ ਲੁਬਾਣਾ ਜੀ

*—ਭਾਈ ਗੁਰਇਕਬਾਲ ਸਿੰਘ*

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

ਬਾਬਾ ਬਕਾਲਾ ਸਾਹਿਬ ਵਿਖੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਜਦੋਂ ਸਵੇਰ ਹੋ ਗਈ, ਇਸ਼ਨਾਨ ਕੀਤਾ, ਨਿਤਨੇਮ ਕੀਤਾ, ਸਿਮਰਨ ਕੀਤਾ, ਉਪਰੰਤ ਅਰਦਾਸ ਵਿੱਚ ਦੋ ਬੇਨਤੀਆਂ ਕੀਤੀਆਂ। ਧਿਆਨ ਦੇਣਾ ਜ਼ਰਾ। ਪਹਿਲੀ ਬੇਨਤੀ ਕੀ ਕੀਤੀ? ਤੁਸੀਂ ਅੰਤਰਯਾਮੀ ਹੋ ਜਿੱਥੇ ਕੋਈ ਯਾਦ ਕਰੇ, ਉੱਥੇ ਪਹੁੰਚਦੇ ਹੋ। ਤੁਸੀਂ ਸਰਬ ਸ਼੍ਰੋਮਣੀ ਹੋ, ਤੁਸੀਂ ਮੇਰੇ ਡੁੱਬਦੇ ਬੇੜੇ ਵੇਲੇ ਸਹਾਇਤਾ ਕੀਤੀ ਹੈ ਤੇ ਮੇਰੀ ਪਹਿਲੀ ਬੇਨਤੀ ਹੈ ਕਿ ਅੱਜ ਦਿਨੇ ਇਹੋ ਜਿਹੀ ਬਿੱਧ ਬਣਾ ਦਿਓ ਕਿ ਜਿਹੜੀ ਮੈਂ ਮਨ ਵਿੱਚ 500 ਮੋਹਰਾਂ ਦੀ ਅਰਦਾਸ ਕੀਤੀ ਹੈ ਕਿ ਆਪਣੇ ਮੁੱਖ ਤੋਂ 500 ਮੋਹਰ ਕਹਿ ਕੇ ਲਵੋ, ਇਹ ਅਰਦਾਸ ਵਿੱਚ ਪਹਿਲੀ ਬੇਨਤੀ ਕੀਤੀ। ਸਾਰੀ ਰਾਤ ਨਹੀਂ ਸੁੱਤੇ। ਸਾਰੀ ਰਾਤ ਅੰਦਰ ਵਿਚਾਰਾਂ ਚਲਦੀਆਂ ਰਹੀਆਂ। ਦੂਜੀ ਅਰਦਾਸ ਵਿੱਚ ਬੇਨਤੀ ਕੀਤੀ ਕਿ ਅੱਜ ਜਦ ਤੱਕ ਮੈਨੂੰ ਸੱਚਾ ਗੁਰੂ ਨਹੀਂ ਲੱਭੇਗਾ, ਮੈਂ ਪ੍ਰਸ਼ਾਦਾ ਪਾਣੀ ਛਕਣਾ ਹੀ ਨਹੀਂ ਜਦ ਤੱਕ ਪ੍ਰੀਤਮ ਮਿਲ ਨਾ ਜਾਵੇ।

***ਸਰਬ ਸ਼ਰੀਰਨਿ ਅੰਤਰਜਾਮੀ।***
***ਜਹਿਂ ਸਿਮਰੈਂ ਤਹਿਂ ਹਾਜ਼ਰ ਸ੍ਵਾਮੀ।***
***ਰਿਦੇ ਬਿਖੇ ਕਹਿ ਰਹਯੋ ਘਨੇਰਾ।***
***-ਦੇ ਕੁਛ ਪਤਾ ਮੋਹਿ ਇਕ ਬੇਰਾ- ॥੧੫॥***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)*

ਧੰਨ ਗੁਰੂ ਨਾਨਕ ਜੀ ਦੇ ਘਰ ਦੀ ਜੋਤ ਉਹ ਹੈ ਜਿੱਥੇ ਸਿਮਰੋ, ਜਿੱਥੇ ਯਾਦ ਕਰੋ ਉੱਥੇ ਹੀ ਬਹੁੜਨ ਵਾਲੀ। ਸਤਿਗੁਰੂ ਜੀ, ਅੱਜ ਮੈਨੂੰ ਦੀਦਾਰੇ ਦੇ ਦਿਓ:

***ਪਉੜੀ॥***
***ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥***
***ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥***

*(ਅੰਗ ੫੧੯)*

***ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ***
***ਮੈ ਤੁਧੁ ਆਗੈ ਅਰਦਾਸਿ॥***
***ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ***
***ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥੨॥***

*(ਅੰਗ ੭੩੫)*

ਕਈ ਕਹਿੰਦੇ ਹਨ ਕਿ ਅਰਦਾਸ ਨਹੀਂ ਕਰਨੀ ਚਾਹੀਦੀ ਪਰ ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, **ਜੇ ਅਰਦਾਸ ਨਾ ਕਰੀਏ, ਮਨ ਹੰਕਾਰੀ ਹੋ ਸਕਦਾ ਹੈ।** ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ, **ਕੋਈ ਔਖੀ ਆਇ ਬਣੇ, ਜਪ ਪੜ੍ਹ ਕੇ, ਅਨੰਦ ਸਾਹਿਬ ਕਰਕੇ, ਕੜਾਹ ਪ੍ਰਸਾਦਿ ਲੈ ਕੇ ਅਰਦਾਸ ਕਰੀਂ, ਗੁਰੂ ਬਹੁੜੇਗਾ।**

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਕੁਝ ਘੰਟੇ ਨੇਮ ਦੀ ਹਾਜ਼ਰੀ ਲਗਾ ਕੇ ਅਰਦਾਸ ਵਿੱਚ ਦੋ ਬੇਨਤੀਆਂ ਕੀਤੀਆਂ। ਅੱਜ ਆਪਣੇ ਮੁੱਖ ਤੋਂ ਬੋਲ ਕੇ ਭੇਟਾ ਲਵੋ, ਜਿਹੜੀ ਮੈਂ ਮਨ ਵਿੱਚ ਭਾਵਨਾ ਰੱਖੀ ਸੀ, ਬੜੀ ਵੱਡੀ ਗੱਲ ਹੈ।

ਅਰਦਾਸ ਕਰਕੇ ਨਿਕਲੇ ਮੱਖਣ ਸ਼ਾਹ ਲੁਬਾਣਾ ਜੀ ਦੂਜੇ ਦਿਨ। ਦੋ ਗੱਲਾਂ ਲਿਖੀਆਂ ਹਨ, ਇੱਕ ਤੇ ਲਿਖੀ ਹੈ ਬੱਚੇ ਖੇਡ ਰਹੇ ਸਨ ਤੇ ਉਨ੍ਹਾਂ ਨੂੰ ਪੁੱਛਿਆ ਤੇ ਦੂਜੀ ਲਿਖੀ ਕਿ ਪੰਜ-ਸੱਤ ਬੰਦੇ ਪਿੰਡ ਵਾਲੇ ਮਿਲ ਪਏ, ਬਾਬੇ ਬਕਾਲੇ ਵਿਖੇ, ਉਨ੍ਹਾਂ ਨੂੰ ਪੁੱਛਿਆ। ਦੋਵੇਂ ਚੀਜ਼ਾਂ ਲਿਖੀਆਂ ਹਨ। ਪੁੱਛਿਆ ਕਿ ਕੋਈ ਹੋਰ ਵੀ ਹੈ ਇੱਥੇ ਬਾਈਆਂ ਤੋਂ ਇਲਾਵਾ। ਕਹਿੰਦੇ ਜੀ,

ਹਾਂ, ਛੇਵੇਂ ਗੁਰੂ ਜੀ ਦਾ ਇੱਕ ਪੁੱਤਰ ਹੈ, ਤੇਗਾ, ਤੇਗਾ ਕਹਿੰਦੇ ਹਨ, (ਕੁਝ ਹਲਕੇ ਲਫਜ਼ ਪਿੰਡ ਵਾਲਿਆਂ ਵਰਤੇ) ਆਪਣੇ ਆਪ ਵਿੱਚ ਮਸਤ ਹੀ ਰਹਿੰਦੇ ਹਨ, ਕਿਸੇ ਨਾਲ ਕੋਈ ਗੱਲ ਨਹੀਂ ਕਰਦੇ। ਭੋਰੇ 'ਚ ਹੀ ਰਹਿੰਦੇ ਨੇ। ਮਸਤ ਹੀ ਰਹਿੰਦੇ ਨੇ। ਮਾਤਾ ਤੇ ਘਰ ਵਾਲੀ ਨਾਲ ਹੈ। ਮਾਤਾ ਨਾਨਕੀ ਜੀ ਧੰਨ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ, ਮਾਤਾ ਗੁਜਰ ਕੌਰ ਜੀ ਸਤਿਗੁਰਾਂ ਦੇ ਮਹਿਲ। ਬਹੁਤ ਘੱਟ ਬੋਲਦੇ ਹਨ। ਪਿੰਡ ਵਾਲਿਆਂ ਨੇ ਕੀ ਕਿਹਾ, ਮੱਖਣ ਸ਼ਾਹ ਲੁਬਾਣਾ ਜੀ ਨੂੰ ਕਹਿੰਦੇ, "ਜੇ ਸਾਡੀ ਮੰਨੋ ਤੇ ਤੁਹਾਡਾ ਉੱਥੇ ਜਾਣਾ ਉਚਿਤ ਨਹੀਂ। ਤੁਸੀਂ ਬੜੇ ਤਕੜੇ ਬੰਦੇ ਹੋ । ਪਤਾ ਨਹੀਂ ਉਹ ਤੁਹਾਨੂੰ ਵੀ ਮਿਲਣਗੇ ਕਿ ਨਹੀਂ। ਮੱਖਣ ਸ਼ਾਹ ਲੁਬਾਣਾ ਜੀ ਘਰਵਾਲੀ ਨੂੰ ਪੁੱਛਦੇ ਹਨ ਕਿਵੇਂ ਕਰੀਏ? ਉਹ ਕਹਿੰਦੀ ਹੈ, ਜਿਵੇਂ ਪਿੰਡ ਵਾਲਿਆਂ ਨੇ ਨਕਸ਼ਾ ਦੱਸਿਆ ਹੈ, ਮਸਤ ਰਹਿੰਦੇ ਨੇ, ਕਿਸੇ ਨਾਲ ਗੱਲ ਨਹੀਂ ਕਰਦੇ, ਭੋਰੇ ਵਿੱਚ ਰਹਿੰਦੇ ਨੇ, ਅਜੇ ਦਰਸ਼ਨ ਤੇ ਨਹੀਂ ਹੋਏ ਪਰ ਉਨ੍ਹਾਂ ਦੀ ਵਾਰਤਾ ਸੁਣ ਕੇ ਹੀ ਠੰਡ ਪੈ ਗਈ ਹੈ। ਘਰਵਾਲੀ ਨੇ ਸਲਾਹ ਦਿੱਤੀ ਕਿ ਅਸੀਂ ਉੱਥੇ ਵੀ ਹਾਜ਼ਰੀ ਲਗਵਾ ਆਉਂਦੇ ਹਾਂ। ਥੋੜ੍ਹਾ ਉਨ੍ਹਾਂ ਦਾ ਆਲਾ-ਦੁਆਲਾ ਸੁਣ ਕੇ ਠੰਡ ਪੈ ਗਈ ਹੈ, ਆਪਾਂ ਹਾਜ਼ਰੀ ਲਗਵਾ ਆਉਂਦੇ ਹਾਂ। ਕੀ ਫ਼ਰਕ ਪੈਂਦਾ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਅਰਦਾਸਾ ਸੋਧ ਦਿੱਤਾ ਸੀ। ਹੁਣ ਤਾਂ ਅੰਨ ਦਾ ਦਾਣਾ ਵੀ ਜ਼ਹਿਰ ਲੱਗ ਰਿਹਾ ਹੈ। ਅੱਠਵੇਂ ਪਾਤਸ਼ਾਹ ਜੀ ਦਾ ਬਚਨ ਵੀ ਸਤਿ ਹੈ। ਹੈ ਇੱਥੇ ਹੀ ਹਨ। ਪੂਰਾ ਪਹਿਰਾ। ਨਿਤਨੇਮ ਦਾ, ਸਿਮਰਨ ਦਾ, ਬੰਦਗੀ ਦਾ, ਅਰਦਾਸ ਦਾ, ਚੰਗੇ ਪ੍ਰਣ ਦਾ, ਪੂਰਾ ਪਹਿਰਾ ਲਗਾ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਆਪਣੇ ਤੰਬੂ ਵਿੱਚੋਂ ਨਿਕਲੇ। ਆ ਗਏ ਭਾਈ ਮਹਿਰਾ ਜੀ ਦੇ ਘਰ ਜਿੱਥੇ ਪਿਤਾ ਜੀ ਚੌਕੜਾ ਮਾਰ ਕੇ ਬੈਠੇ ਹਨ। ਖੜਕਾਇਆ ਬੂਹਾ। 26 ਸਾਲ ਕੁਝ ਮਹੀਨੇ ਸਾਡੇ ਪਿਤਾ ਜੀ, ਨੌਵੇਂ ਪਾਤਸ਼ਾਹ ਜੀ ਭੌਰੇ ਵਿੱਚ ਬੈਠੇ ਹਨ ਤੇ ਬੂਹੇ ਤੇ ਡਿਊਟੀ ਕਿਸ ਨੇ ਦਿੱਤੀ? ਬੂਹੇ ਤੇ, ਧੰਨ ਮਾਤਾ ਗੁਜਰ ਕੌਰ ਜੀ। ਕੋਈ ਅੰਦਰੋਂ ਅਵਾਜ਼ ਆਵੇ ਤੇ ਸੇਵਾ ਲੇਟ ਨਾ ਹੋ ਜਾਵੇ। ਸਾਡਾ ਕਿਧਰੇ ਕੋਈ ਕੰਮ ਰੁਕ ਜਾਵੇ, ਧੰਨ ਮਾਤਾ ਗੁਜਰ ਕੌਰ ਜੀ ਨੂੰ ਵਿਚੋਲਾ ਪਾ ਕੇ ਅਰਦਾਸ ਕਰ ਲਿਆ ਕਰੋ, ਦਰਗਾਹ ਦੀਆਂ ਚਾਬੀਆਂ ਹਨ ਮਾਤਾ ਜੀ ਕੋਲ। ਇੰਨੀ ਕਮਾਈ ਸੀ ਮਾਤਾ ਜੀ ਦੀ। ਬੂਹਾ ਖੋਲ੍ਹਿਆ ਮਾਤਾ ਜੀ ਨੇ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਅੰਦਰ ਵੜਦਿਆਂ ਹੀ ਬੈਟਰੀ ਚਾਰਜ ਹੋ ਗਈ। ਬੇਨਤੀ ਕੀਤੀ, ਮਾਤਾ ਜੀ, ਮੈਂ ਛੇਵੇਂ ਪਾਤਸ਼ਾਹ ਜੀ ਦੇ ਸਪੁੱਤਰ ਦੇ ਦਰਸ਼ਨ ਕਰਨੇ ਹਨ। ਸਿਮਰਨ, ਬੰਦਗੀ ਸਾਡੇ ਮਾਤਾ ਜੀ ਦੀ ਇੰਨੀ ਕਿ ਹੱਥ ਨਾਲ ਇਸ਼ਾਰਾ ਹੀ ਕਰ ਦਿੱਤਾ, ਮਾਤਾ ਜੀ ਵੀ ਜਾਣਦੇ ਸਨ। ਤਕਰੀਬਨ 26 ਸਾਲ 8 ਮਹੀਨੇ ਭੋਰੇ ਦੇ ਬਾਹਰ ਡੱਟ ਕੇ ਪਹਿਰਾ ਦਿੱਤਾ। ਸੇਵਾ, ਬੰਦਗੀ ਨਾਲ। ਮਾਤਾ ਜੀ ਨੇ ਇਸ਼ਾਰਾ ਕਰ ਦਿੱਤਾ। ਅੰਦਰ ਭੋਰੇ ਵਿੱਚ ਦੁਨੀਆਂ ਤੋਂ ਬੇਖ਼ਬਰ। ਕਰੋ ਦਰਸ਼ਨ, ਨੌਵੇਂ ਪਾਤਸ਼ਾਹ ਜੀ ਦੇ। ਦੁਨੀਆਂ ਤੋਂ ਬੇਖਬਰ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇਤਰ ਬੰਦ ਕਰਕੇ ਅੰਤਰ ਧਿਆਨ ਹੋ ਕੇ ਚੌਕੜਾ ਮਾਰ ਕੇ ਬੰਦਗੀ ਕਰ ਰਹੇ ਹਨ। ਦਰਸ਼ਨ ਕਰਦਿਆਂ ਹੀ ਅੰਦਰ ਅਤਿਅੰਤ ਠੰਡ ਪੈ ਗਈ।

***ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥***
***ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥***

*(ਅੰਗ ੭੫੮)*

***ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ***
***ਨਾਮੁ ਜਪੰਦੜੀ ਲਾਲੀ ॥***
***ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ***

***ਗੁਰ ਦਰਸਨੁ ਦੇਖਿ ਨਿਹਾਲੀ ॥੧॥***

*(ਅੰਗ ੯੬੪)*

ਸੋਇ ਕਹਿੰਦੇ ਹਨ ਕਿ ਉਹਦੀ ਸੋਅ ਸੁਣ ਕੇ ਹੀ ਮੇਰਾ ਤਨ ਮਨ ਮਉਲਿਆ ਗਿਆ। ਨਾਮ ਜਪਿਆ ਤੇ ਅੰਦਰ ਲਾਲੀ ਚੜ੍ਹ ਗਈ। ਜਦੋਂ ਮੈਂ ਉਹਨੂੰ ਮਿਲਣ ਲਈ ਉਸ ਰਸਤੇ ਤੁਰਿਆ ਅੰਦਰ ਠੰਡ ਵਰਤ ਗਈ, ਜਦੋਂ ਜਾ ਕੇ ਪ੍ਰੀਤਮ ਦੇ ਦਰਸ਼ਨ ਕੀਤੇ, ਅੰਦਰ ਨਿਹਾਲ ਹੋ ਗਿਆ।

***ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥***
***ਹਉ ਬਲਿਹਾਰੀ ਸਤਿਗੁਰ ਚਰਣਾ ॥੧॥***

*(ਅੰਗ ੫੬੨)*

***ਦਰਸਨੁ ਦੇਖਤ ਦੋਖ ਨਸੇ ॥***
***ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ***
***ਜੀਅ ਕੈ ਸੰਗਿ ਬਸੇ ॥੧॥ ਰਹਾਉ ॥***

*(ਅੰਗ ੮੨੬)*

***ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥***
***ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥***

*(ਅੰਗ ੯੫੮)*

***ਮੀਰਾਂ ਦਾਨਾਂ ਦਿਲ ਸੋਚ ॥***
***ਮੁਹਬਤੇ ਮਨਿ ਤਨਿ ਬਸੈ***
***ਸਚੁ ਸਾਹ ਬੰਦੀ ਮੋਚ ॥੧॥ ਰਹਾਉ ॥***
***ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥***
***ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥***

*(ਅੰਗ ੭੨੪)*

ਬਾਬਾ ਨੰਦ ਜੀ ਬਚਨ ਕਰਦੇ ਸੀ ਬੰਦਗੀ ਵਾਲਿਆਂ ਦੇ, ਸੱਚ ਦਾ ਪੱਲਾ ਫੜਣ ਵਾਲਿਆਂ ਦੇ ਪੰਜ ਜਗ੍ਹਾ ਤੇ ਅੰਮ੍ਰਿਤ ਆ ਜਾਂਦਾ ਹੈ। ਨੇਤਰਾਂ 'ਚ ਅੰਮ੍ਰਿਤ, ਰਸਨਾਂ 'ਚ ਅੰਮ੍ਰਿਤ, ਹਿਰਦੇ 'ਚ ਅੰਮ੍ਰਿਤ, ਹੱਥਾਂ 'ਚ ਅੰਮ੍ਰਿਤ, ਪੈਰਾਂ 'ਚ ਅੰਮ੍ਰਿਤ। ਤੁਸੀਂ ਇਹ ਥੋੜ੍ਹਾ ਜਿਹਾ ਸਮਾਂ, ਸੁਰਤੀ ਨਾਲ ਦਰਸ਼ਨ ਕੀਤੇ ਹਨ ਕਿ ਸਾਡੇ ਪਾਪ ਵੀ ਧੋਤੇ ਜਾਣ। ਇਧਰ ਇਹ ਮੱਖਣ ਸ਼ਾਹ ਲੁਬਾਣਾ ਜੀ ਲੱਭ ਰਹੇ ਹਨ, ਪ੍ਰੇਸ਼ਾਨ ਹੋਏ ਪਏ ਹਨ, ਲੱਭ ਰਹੇ ਹਨ ਪੂਰੇ ਗੁਰੂ ਨੂੰ। ਅਰਦਾਸ ਵਿੱਚ ਦੋ ਬੇਨਤੀਆਂ ਸਨ ਤੇ ਬਿੱਧ ਬਣ ਗਈ। ਕਿਸੇ ਨੇ ਦੱਸਿਆ ਕਿ ਹਾਂ ਛੇਵੇਂ ਗੁਰੂ ਜੀ ਦਾ ਪੁੱਤਰ। ਹੁਣ ਮਾਤਾ ਜੀ ਤੋਂ ਆਗਿਆ ਲੈ ਕੇ ਦਰਸ਼ਨ ਕੀਤੇ। ਅੰਦਰ ਠੰਡ ਪੈ ਗਈ।

***ਦਿਲ ਕਹਿੰਦਾ ਹੈ ਉਹ ਨੇੜੇ ਹੈ***
***ਗੁਰੂ ਨਾਨਕ ਏਸੇ ਵਿਹੜੇ ਹੈ।***

ਦਰਸ਼ਨ ਕਰਕੇ ਅੰਦਰ ਠੰਡ ਪੈ ਗਈ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਅੰਤਰ ਬਿਰਤੀ ਜੁੜੀ ਹੋਈ। ਹੁਣ ਮੱਖਣ ਸ਼ਾਹ ਲੁਬਾਣਾ ਜੀ ਦੇ ਸਾਹਮਣੇ ਆਪਣੀ ਸਵੇਰ ਵਾਲੀ ਅਰਦਾਸ ਸਾਹਮਣੇ ਆ ਗਈ ਕਿ ਮਹਾਰਾਜ ਜੀ, ਆਪਣੀ ਅਮਾਨਤ ਮੁੱਖ ਤੋਂ ਬੋਲ ਕੇ ਲਵੋ। ਹੁਣ ਬਾਕੀ ਪਰਿਵਾਰ ਬਾਹਰ ਸੀ। ਮਨ ਵਿੱਚ ਸੋਚਿਆ ਕਿ ਜੇਕਰ ਦਰਸ਼ਨਾਂ ਵਿੱਚ ਹੀ ਇੰਨਾ ਅਨੰਦ ਹੈ ਇੱਥੇ ਦੋ ਨਹੀਂ, ਇੱਥੇ ਪੰਜ ਮੋਹਰਾਂ ਰੱਖਦਾ ਹਾਂ, ਜੇਕਰ ਧੰਨ ਗੁਰੂ ਨਾਨਕ ਜੀ ਦੀ ਜੋਤ ਦੇ ਮਾਲਕ ਹੋਣਗੇ, ਆਪ ਮੁੱਖ ਤੋਂ ਬੋਲਣਗੇ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਮੱਥਾ ਟੇਕਿਆ ਤੇ ਉਹ ਪੰਜ ਮੋਹਰਾਂ ਅੱਗੇ ਰੱਖੀਆਂ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਮੁੱਖ ਤੋਂ ਕੁਝ ਨਾ ਬੋਲੇ ਪਰ ਗੁਰੂ ਸਾਹਿਬ ਸੋਚਣ ਲੱਗੇ, ਇੰਝ ਲੱਗਦਾ ਹੈ ਸਾਡੇ ਪ੍ਰਗਟ ਹੋਣ ਦਾ ਸਮਾਂ ਨੇੜੇ ਆ ਗਿਆ ਹੈ। ਜੇ ਪ੍ਰਗਟ ਨਾ ਹੋਏ ਤੇ ਸਿੱਖਾਂ ਦੀ ਸ਼ਰਧਾ ਵਿੱਚ ਕਿਤੇ ਤਰੇੜ ਨਾ ਆ ਜਾਏ, ਜੇ ਹੁਣ ਵੀ ਨਹੀਂ ਪਤਾ ਦਿਆਂਗੇ, ਸਿੱਖਾਂ ਦੀ ਸ਼ਰਧਾ ਨਹੀਂ ਰਹੇਗੀ। ਇਹ ਮੱਖਣ ਸ਼ਾਹ ਲੁਬਾਣਾ ਸਾਰੇ ਨਕਲੀ ਗੁਰੂਆਂ ਦੀ ਪਹਿਚਾਣ ਕਰਕੇ ਆਇਆ ਹੈ। ਮਨ ਵਿੱਚ ਧਾਰ ਕੇ ਬੈਠਾ ਹੈ ਕਿ ਪੂਰੇ ਹੋਣਗੇ ਤੇ ਆਪ ਮੰਗ ਕੇ ਲੈਣਗੇ ਕਿ ਤੂੰ ਤੇ 500 ਮੋਹਰ ਸੁਖੀ ਸੀ, ਮਨ ਵਿੱਚ। ਹੁਣ ਸਾਡੇ ਦੱਸੇ ਬਿਨਾਂ

ਸਰੇਗਾ ਨਹੀਂ, ਸਾਨੂੰ ਪਤਾ ਦੇਣਾ ਪੈਣਾ ਹੈ।

ਤਵਾਰੀਖ ਖਾਲਸਾ ਵਿੱਚ ਇੰਝ ਲਿਖਿਆ ਹੈ, ਮਹਾਰਾਜ ਜੀ ਸੋਚਦੇ ਹਨ ਕਿ ਇਸ ਸਿੱਖ ਦੇ ਸਿਦਕ ਨੂੰ ਅਚੱਲ ਰੱਖਣ ਲਈ ਹੁਣ ਇਸਨੂੰ ਯਾਦ ਕਰਾਉਣਾ, ਸਾਡਾ ਧਰਮ ਬਣ ਗਿਆ ਹੈ ਕਿਉਂਕਿ ਇਸਨੇ ਮਨ ਵਿੱਚ ਧਾਰਿਆ ਸੀ। ਬਾਈ ਮੰਜੀਆਂ ਲੱਗੀਆਂ ਹੋਈਆਂ ਹਨ ਤੇ ਇਹ ਫਿਰ-ਫਿਰ ਕੇ ਇਧਰ ਆਇਆ ਹੈ। ਮਨ ਵਿੱਚ ਧਾਰ ਕੇ ਕਿ ਮੇਰੇ ਕੋਲੋਂ ਮੰਗ ਕੇ ਲੈਣ। ਸਿੱਖ ਦੇ ਸਿਦਕ ਨੂੰ ਅਚੱਲ ਰੱਖਣ ਲਈ ਜਦੋਂ ਇਧਰ ਮੱਖਣ ਸ਼ਾਹ ਲੁਬਾਣਾ ਜੀ ਨੇ ਪੰਜ ਮੋਹਰਾਂ ਅੱਗੇ ਰੱਖ ਕੇ ਮੱਥਾ ਟੇਕਿਆ ਪਰ ਗੁਰੂ ਸਾਹਿਬ ਕੁਝ ਨਾ ਬੋਲੇ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨਿਰਾਸ਼ ਹੋ ਗਏ। ਮੁੜਨ ਲੱਗੇ ਤੇ ਧੰਨ ਗੁਰੂ ਤੇਗ ਬਹਾਦਰ ਜੀ ਨੇ ਨੇਤਰ ਖੋਲ੍ਹ ਲਏ। ਮਿਠਾਸ ਨਾਲ ਭਰੀ, ਰਸ ਨਾਲ ਭਰਪੂਰ ਵੈਰਾਗ ਤੇ ਕਰੁਣਾ ਨਾਲ ਓਤ-ਪੋਤ ਸਤਿਗੁਰੂ ਜੀ ਨੇ ਆਪਣੇ ਨੇਤਰ ਖੋਲ੍ਹ ਲਏ ਆਪਣੀ ਮੁਬਾਰਕ ਰਸਨਾ ਤੋਂ ਬਚਨ ਕੀਤਾ, ਮੱਖਣ ਸ਼ਾਹ, ਸੁਖੀਆਂ 500 ਤੇ ਦਿੰਦਾ ਪੰਜ ਪਿਆ ਹੈਂ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਕੰਨਾਂ ਵਿੱਚ ਇਹ ਬੋਲ ਪਏ ਜਿਹੜੇ ਬੋਲਾਂ ਨੂੰ ਸੁਣਨ ਲਈ ਉਹ ਤਰਸ ਪਿਆ ਸੀ। ਕੰਡ ਮੋੜੀ, ਚਿਹਰੇ ਦਾ ਨੂਰ ਨਾ ਸਹਾਰ ਸਕਿਆ, ਚਰਨ ਪਕੜ ਲਏ ਤੇ ਸਤਿਗੁਰਾਂ ਨੇ ਚਾਦਰ ਲਾਹੀ। ਤਵਾਰੀਖ ਗੁਰੂ ਖਾਲਸਾ ਵਿੱਚ ਲਿਖਿਆ ਹੈ ਕਿ ਬਰੇਤਾਂ। ਬਰੇਤੇ ਤੋਂ ਭਾਵ ਹੈ ਰੇਤ। ਮਹਾਰਾਜ ਜੀ ਕਹਿੰਦੇ, "ਮੱਖਣ ਸ਼ਾਹ! ਤੇਰੇ ਬਰੇਤੇ ਵਿੱਚ ਫਸੇ ਜਹਾਜ਼ ਨੂੰ ਆਹ ਮੋਢਾ ਦੇ ਕੇ ਬੰਨ੍ਹੇ ਲਾਇਆ ਹੈ ਜਿਹਦੇ ਤੋਂ ਅਜੇ ਮੇਖਾਂ ਦੇ ਨਿਸ਼ਾਨ ਵੀ ਨਹੀਂ ਗਏ। ਜਹਾਜ਼ ਸਮੁੰਦਰ ਦੀ ਥੱਲਵੀਂ ਤੈਅ ਬਰੇਤੇ ਵਿੱਚ ਫਸਿਆ ਪਿਆ ਸੀ।" ਮਹਾਰਾਜ ਜੀ ਕਹਿੰਦੇ, "ਸਾਨੂੰ ਲੋੜ ਤੇ ਨਹੀਂ, ਪਰ ਤੇਰੇ ਸਿਦਕ ਲਈ ਜੋ ਤੂੰ ਅੰਦਰ ਧਾਰ ਲਿਆ ਕਿ ਮੈਂ 500 ਮੋਹਰਾਂ ਅਰਦਾਸ ਕਰਾਵਾਂਗਾ।" ਤੇਰੇ ਸਿਦਕ ਲਈ ਦਸ ਰਹੇ ਹਾਂ ਕਿ ਤੂੰ 500 ਸੁੱਖ ਕੇ 5 ਚੜ੍ਹਾ ਰਿਹਾ ਹੈ।

***ਲੋੜੀਂਦੜਾ ਸਾਜਨੁ ਮੇਰਾ ॥***
***ਘਰਿ ਘਰਿ ਮੰਗਲ ਗਾਵਹੁ ਨੀਕੇ***
***ਘਟਿ ਘਟਿ ਤਿਸਹਿ ਬਸੇਰਾ ॥੧॥ ਰਹਾਉ ॥***

*(ਅੰਗ ੭੦੦)*

ਆਹ ਅਸੀਂ ਆਪਣੇ ਭਾਗਾਂ ਨੂੰ ਸਲਾਹੁਣਾ ਹੈ ਕਿ ਜਿਸ ਸਾਜਨ ਦੇ ਮੈਂ ਚਰਨ ਫੜੇ ਹਨ, ਉਹ ਘਟ-ਘਟ ਵਿੱਚ ਵੱਸਣ ਵਾਲਾ ਹੈ। ਇੱਕ ਰੂਪ ਉਹਦਾ ਬਾਬਾ ਬਕਾਲੇ ਭੋਰੇ ਵਿੱਚ ਬੈਠਾ ਹੈ ਤੇ ਦੂਜੇ ਰੂਪ ਵਿੱਚ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਸਮੁੰਦਰ ਜਿਹਦਾ ਬਰੇਤੇ ਵਿੱਚ ਮੋਢਾ ਦੇ ਕੇ ਬੇੜਾ ਬੰਨ੍ਹੇ ਲਾਹ ਰਿਹਾ ਹੈ।

***ਐਥੈ ਓਥੈ ਰਖਵਾਲਾ ॥***
***ਪ੍ਰਭ ਸਤਿਗੁਰ ਦੀਨ ਦਇਆਲਾ ॥***

*(ਅੰਗ ੬੨੮)*

***ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥***

*(ਅੰਗ ੭੩੩)*

***ਤੂੰ ਸਭਨੀ ਥਾਈ ਜਿਥੈ ਹਉ ਜਾਈ***
***ਸਾਚਾ ਸਿਰਜਣਹਾਰੁ ਜੀਉ ॥***

*(ਅੰਗ ੪੩੮)*

ਸਾਡੇ ਵੱਡੇ ਭਾਗ ਨੇ ਕਿ ਘਟਿ ਘਟਿ ਵਿੱਚ ਵੱਸਣ ਵਾਲੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਰਗੇ ਸਾਨੂੰ ਪਿਤਾ ਜੀ ਮਿਲੇ। ਤੁਸੀਂ ਕਦੇ ਬਾਬੇ ਬਕਾਲੇ ਗਏ ਹੋਵੋਗੇ, ਭੋਰੇ ਦੇ ਦਰਸ਼ਨ ਕੀਤੇ ਹੋਣਗੇ। ਹੁਣ ਸੀਨ ਬਣਾਓ ਧੰਨ ਗੁਰੂ ਤੇਗ ਬਹਾਦਰ ਸਾਹਿਬ ਭੋਰੇ ਵਿੱਚ ਬੈਠੇ ਹੋਣਗੇ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਚਰਨ ਪਕੜੇ ਹੋਏ ਹਨ। ਜਦੋਂ ਮਹਾਰਾਜ ਜੀ ਨੇ ਕਿਹਾ ਕਿ 500 ਮੋਹਰਾਂ ਦੀ ਅਰਦਾਸ ਕੀਤੀ ਸੀ। ਕਹਿੰਦੇ ਹੁਣ ਉਹ ਸਮਾਂ ਇਹੋ

ਜਿਹਾ ਬਣ ਗਿਆ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਚਰਨਾਂ ਤੇ ਸੀਸ ਰੱਖਿਆ, ਹੱਥ ਜੁੜੇ ਹੋਏ ਨੇ ਤੇ ਬੇਨਤੀ ਕੀਤੀ, ਹੇ ਮਹਾਰਾਜ ਜੀ! ਮ੍ਰਿਤਕ ਹੋ ਗਿਆ ਸਾਂ। ਜੇ ਹੁਣ ਇੱਥੋਂ ਮਨ ਟੁੱਟ ਜਾਂਦਾ ਤੇ ਮਹਾਰਾਜ ਜੀ ਮੈਂ ਮ੍ਰਿਤਕ ਹੋ ਗਿਆ ਸਾਂ, ਤੁਸੀਂ ਇੱਕ ਮ੍ਰਿਤਕ ਵਿੱਚ ਜਾਨ ਪਾ ਦਿੱਤੀ ਹੈ। ਮ੍ਰਿਤਕ ਹੋ ਗਿਆ ਸਾਂ, ਕਿੱਥੋ ਲੱਭਾਂਗਾ ਗੁਰੂ ਨੂੰ। ਦੂਜੇ ਲਫਜ਼ ਲਿਖੇ ਹਨ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕਹਿੰਦੇ ਮ੍ਰਿਤਕ ਵਿੱਚ ਪ੍ਰਾਣ ਪਾ ਦਿੱਤੇ ਜੇ। ਤੀਜੇ ਲਫਜ਼ ਲਿਖੇ ਹਨ ਕਿ ਕੋਈ ਬੰਦਾ ਡੁੱਬਦਾ ਹੋਵੇ, ਕਿਸੇ ਬੰਨਿਓਂ, ਉਸਨੂੰ ਆਸ ਨਾ ਹੋਵੇ ਬਚਣ ਦੀ, ਇੰਨੇ ਨੂੰ ਦੂਜੇ ਕਿਸੇ ਬੰਨਿਓਂ ਕੋਈ ਬੇੜਾ ਆ ਜਾਏ, ਫਿਰ ਉਸਨੂੰ ਜਿਹੜਾ ਸਕੂਨ ਮਿਲਦਾ ਹੈ ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕਹਿੰਦੇ, ਮਹਾਰਾਜ! ਅੱਜ ਮ੍ਰਿਤਕ ਵਿੱਚ ਉਹ ਪ੍ਰਾਣ ਪਾ ਕੇ ਸਕੂਨ ਦੇ ਦਿੱਤਾ ਹੈ ਕਿ ਸੱਚਾ ਗੁਰੂ ਲੱਭ ਪਿਆ ਹੈ। ਚੌਥਾ ਲਿਖਿਆ ਹੈ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਕਿ ਸਾਰੇ ਬੰਨਿਓਂ ਵੈਰੀ ਬਣ ਜਾਣ, ਕੋਈ ਰਾਹ ਹੀ ਨਾ ਲੱਭੇ, ਉਸ ਸਮੇਂ ਕੋਈ ਕਲਾ ਵਰਤ ਜਾਏ, ਸਾਰੇ ਵੈਰੀ ਮਿੱਤਰ ਬਣ ਜਾਣ। ਅੱਜ ਮੈਨੂੰ ਉਹੋ ਜਿਹਾ ਸਕੂਨ ਦਰਸ਼ਨਾਂ 'ਚੋਂ ਮਿਲਿਆ ਹੈ। ਹੁਣ ਅਗਲਾ ਸੀਨ ਲਿਖਿਆ ਹੈ ਇਤਿਹਾਸ ਵਿੱਚ, ਨਹੀਂ ਝਿਜਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ। ਅੱਗੇ ਹੋ ਕੇ ਧੰਨ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਚਰਨ ਚੁੰਮੇ, ਚਰਨਾਂ ਦਾ ਰਸ ਮਾਣਿਆ। ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ, "ਨਾ ਸਾਨੂੰ 500 ਮੋਹਰਾਂ ਦੀ ਲੋੜ ਹੈ, ਜ਼ਰੂਰੀ ਨਹੀਂ ਤੂੰ ਲਿਆਇਆਂ ਹੈ।" ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ, "ਸਿਰਫ ਤੇਰੀ ਸ਼ਰਧਾ ਪੂਰੀ ਕੀਤੀ ਹੈ, ਤੂੰ ਧਾਰਿਆ ਸੀ, ਜਿਹੜੇ ਸੱਚੇ ਹੋਣ, ਆਪ ਦੱਸਣ। ਤੇਰੀ ਸ਼ਰਧਾ ਪੂਰੀ ਹੋ ਗਈ ਤੇ ਧੰਨ ਗੁਰੂ ਤੇਗ ਬਹਾਦਰ ਜੀ ਨੇ ਹੁਕਮ ਕੀਤਾ, ਮੱਖਣ ਸ਼ਾਹ ਲੁਬਾਣਾ ਜੀ! ਤੇਰੇ ਤੇ ਬੈਨ ਹੈ ਕਿ ਤੂੰ ਸਾਨੂੰ ਪ੍ਰਗਟ ਨਹੀਂ ਕਰਨਾ।"

***ਪੂਰ ਮਨੋਰਥ ਭਯੋ ਸੁ ਜੋਇ ॥੩੦॥***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)***

ਤੇਰਾ ਮਨੋਰਥ ਪੂਰਾ ਹੋ ਗਿਆ ਹੈ ਜੋ ਹੈਗਾ ਸੀ।

***ਪ੍ਰਗਟਹਿ ਤੈਂ ਤੁਝ ਕੋ ਕਯਾ ਹੋਇ।***

ਸਾਨੂੰ ਪ੍ਰਗਟ ਨਹੀਂ ਕਰਨਾ, ਤੇਰਾ ਮਨੋਰਥ ਪੂਰਾ ਹੋ ਗਿਆ ਹੈ।

***ਉਰ ਉਪਨੋ ਕੱਲਯਾਨ ਬਿਚਾਰ।***

ਉਰ ਕਹਿੰਦੇ, ਹਿਰਦੇ ਨੂੰ। ਹੁਣ ਤੂੰ ਆਪਣਾ ਕਲਿਆਣ ਵਿਚਾਰ।

***ਗਮਨਹੁੰ ਅਪਨੇ ਦੇਸ਼ ਮਝਾਰ ॥੩੧॥***

ਹੁਣ ਸਾਡੇ ਵੱਲੋਂ ਤੈਨੂੰ ਆਗਿਆ ਹੈ ਆਪਣੇ ਦੇਸ਼ ਵਿੱਚ ਜਾਓ। ਆਪਣੀ ਕਲਿਆਣ ਵਿਚਾਰ, ਸਾਨੂੰ ਪ੍ਰਗਟ ਨਹੀਂ ਕਰਨਾ। ਮੱਖਣ ਸ਼ਾਹ ਲੁਬਾਣਾ ਜੀ ਕਹਿੰਦੇ ਮਹਾਰਾਜ ਜੀ, ਆਹ ਬੈਨ ਨਾ ਲਗਾਓ।

***'ਸ੍ਰੀ ਹਰਿ ਕ੍ਰਿਸ਼ਨ ਬਾਕ ਕੋ ਧਰਿ ਕੈ।***

ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵਾਕ ਕੀਤਾ ਹੈ, ਗੁਰੂ ਬਾਬਾ ਬਕਾਲੇ।

***ਇਸ ਥਲ ਹੀ ਪਰ ਨਿਸ਼ਚਾ ਕਰਿ ਕੈ।***

"ਓਸ ਨਿਸਚੇ ਨਾਲ ਸੰਗਤਾਂ ਆ ਰਹੀਆਂ ਹਨ ਤੇ ਮਹਾਰਾਜ ਜੀ ਅੱਗੇ ਬਾਈ ਮੰਜੀਆਂ ਨਕਲੀ। ਮਹਾਰਾਜ ਜੀ! ਬੜੀ ਸੰਗਤ ਭਟਕੀ ਪਈ ਹੈ, ਮਹਾਰਾਜ ਜੀ, ਬੈਨ ਨਾ ਲਗਾਓ। ਅਸੀਂ ਪ੍ਰਗਟ ਨਹੀਂ ਹੋਣਾ। ਮਹਾਰਾਜ ਜੀ, ਸੰਗਤ ਭਟਕ ਰਹੀ ਹੈ।" ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ, ਇਸ ਤਰ੍ਹਾਂ ਇਸਨੇ ਮੰਨਣਾ ਨਹੀਂ, ਨਾਲ ਹੀ ਬਚਨ ਕੀਤੇ ਜਿਹੜਾ ਸਾਨੂੰ ਪ੍ਰਗਟ ਕਰੇਗਾ, ਉਹਨੂੰ ਗਧੇ ਤੇ ਚੜ੍ਹਾਉਣਾ ਹੈ ਤੇ ਮੂੰਹ ਕਾਲਾ, ਇਹ ਡੰਡ ਦੇਵਾਂਗੇ। ਆਗਿਆ ਲਈ। ਬਾਹਰ ਨਿਕਲਿਆ ਜਿੱਥੇ ਆਪਣੇ ਤੰਬੂ ਲਾਏ ਸਨ ਉੱਥੇ ਦੱਸਿਆ ਕਿ ਗੁਰੂ ਸਾਹਿਬ ਤੇ

ਲੱਭ ਪਏ ਹਨ ਤੇ ਨਾਲ ਆਹ ਉਨ੍ਹਾਂ ਨੇ ਇਹ ਵੀ ਬੈਨ ਵੀ ਲਗਾ ਦਿੱਤਾ ਹੈ। ਪਿਆਰੇ ਦੇ ਪਿਆਰ ਤੋਂ ਕੁਰਬਾਨ ਹੋਣ ਵਾਲੀ ਆਤਮਾ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਹੁਣ ਗਧਾ ਲੱਭਿਆ ਤੇ ਆਪਣਾ ਮੂੰਹ ਆਪੇ ਕਾਲਾ ਕਰ ਲਿਆ ਤੇ ਗਧੇ ਤੇ ਚੜ੍ਹ ਕੇ ਆਪਣਾ ਚਾਦਰਾ ਘੁਮਾਈ ਜਾਣ ਤੇ ਕੀ ਕਹੀ ਜਾਣ:

***ਸਾਚਾ ਗੁਰੂ ਲਾਧੋ ਰੇ, ਸਾਚਾ ਗੁਰੂ ਲਾਧੋ ਰੇ।***

ਇਸ ਤੋਂ ਬਾਅਦ ਕੋਠੇ ਤੇ ਚੜ੍ਹ ਗਏ ਤੇ ਆਪਣਾ ਚਾਦਰਾ ਘੁਮਾਈ ਜਾਣ ਤੇ ਬੋਲੀ ਜਾਣ:

***ਸਾਚਾ ਗੁਰੂ ਲਾਧੋ ਰੇ, ਸਾਚਾ ਗੁਰੂ ਲਾਧੋ ਰੇ।***

***'ਭੁਲੀਏ ਸੰਗਤਿ ! ਸੁਨਹੁ ਸੁ ਕਾਨ।***
***ਸਤਿਗੁਰੁ ਲੱਧਾ ਮਹਦ ਮਹਾਨ।***

ਸਾਰੀ ਸੰਗਤ ਜੀ, ਮੇਰੀ ਗੱਲ ਨੂੰ ਕੰਨ ਦੇ ਕੇ ਸੁਣਨਾ, ਮੈਨੂੰ ਪੂਰਾ ਗੁਰੂ ਲੱਭ ਪਿਆ ਹੈ।

***ਸੰਸੈ ਭਰਮ ਰਿਦੈ ਕੇ ਤਜਿ ਕੈ।***

ਇੰਝ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਾਰੀ ਸੰਗਤ ਨੂੰ ਉੱਚੀ-ਉੱਚੀ ਕਹਿਣ ਲੱਗ ਪਏ।

***ਜਨਮ ਸੁਧਾਰਹੁ ਸ਼੍ਰੀ ਗੁਰੁ ਭਜਿ ਕੈ' ॥੫੪॥***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)***

ਬੜਾ ਔਖਾ ਕੰਮ ਹੈ। ਬਹੁਤ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਐਸੇ ਮਹਾਨ ਸਿੱਖ ਹੋਏ ਨੇ ਕਿ ਗੁਰੂ ਨੂੰ ਪ੍ਰਗਟ ਕਰਨ ਲਈ ਆਪਣਾ ਮੂੰਹ ਆਪ ਕਾਲਾ ਕਰ ਲਿਆ। ਇਧਰ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਜਦੋਂ ਪਤਾ ਲੱਗਾ। ਮਹਾਰਾਜ ਜੀ ਕਹਿੰਦੇ, "ਬੁਲਾਓ ਮੱਖਣ ਸ਼ਾਹ ਨੂੰ। ਫਿਰ ਬੁਲਾਇਆ, "ਤੁਹਾਨੂੰ ਬਚਨ ਕੀਤੇ ਸੀ, ਕਿਹਾ ਸੀ, ਤੁਹਾਡੀ ਸ਼ਰਧਾ ਪੂਰੀ ਹੋ ਗਈ, ਸਾਨੂੰ ਪ੍ਰਗਟ ਨਹੀਂ ਕਰਨਾ। ਅੱਗੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਹੱਥ ਜੋੜੇ ਤੇ ਕੀ ਕਿਹਾ, ਮਹਾਰਾਜ ਜੀ! ਸੱਚੇ ਪਾਤਸ਼ਾਹ, ਸਿੱਖ ਧਰਮ ਵਿੱਚ ਸਭ ਤੋਂ ਸ਼੍ਰੋਮਣੀ ਦਾਤ ਹੈ, ਸ਼ਰਧਾ। ਬਾਜਾਂ ਵਾਲੇ ਸਤਿਗੁਰਾਂ ਨੇ ਵੀ ਕਿਹਾ ਹੈ:

***ਵਾਹਿਗੁਰੂ ਨਾਮ ਜਹਾਜ਼ ਹੈ ਚੜੇ ਸੁ ਉਤਰੇ ਪਾਰ***
***ਜੋ ਸ਼ਰਧਾ ਕਰਿ ਸੇਵਦੇ ਗੁਰ ਪਾਰ ਉਤਾਰਨ ਹਾਰ॥***

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕਹਿੰਦੇ, "ਸਤਿਗੁਰੂ, ਸਿੱਖ ਧਰਮ ਵਿੱਚ ਸਭ ਤੋਂ ਸ਼੍ਰੋਮਣੀ ਦਾਤ ਹੈ, ਸ਼ਰਧਾ। ਸੱਚੇ ਪਾਤਸ਼ਾਹ ਜੀ, ਜੇ ਆਪ ਜੀ ਪ੍ਰਗਟ ਨਹੀਂ ਹੋਵੋਗੇ ਤੇ ਜੋ ਸਿੱਖਾਂ ਦੀ ਸ਼ਰਧਾ ਨੂੰ ਐਸ ਵੇਲੇ ਠੇਸ ਪਹੁੰਚ ਰਹੀ ਹੈ, ਮਹਾਰਾਜ ਜੀ, ਬਹੁਤ ਘਾਟਾ ਪੈ ਜਾਵੇਗਾ। ਇਸ ਲਈ ਕਿਰਪਾ ਕਰੋ, ਮਹਾਰਾਜ ਜੀ, ਦਰਸ਼ਨ ਦਿਓ, ਸੰਗਤ ਨੂੰ।" ਬੇਨਤੀਆਂ ਕਰ-ਕਰ ਕੇ ਮਹਾਰਾਜ ਨੂੰ ਮਨਾ ਲਿਆ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ। ਬਾਬਾ ਬੁੱਢਾ ਸਾਹਿਬ ਜੀ ਦੀ ਕੁੱਲ ਵਿੱਚੋਂ ਬਾਬਾ ਗੁਰਦਿੱਤਾ ਜੀ ਨੂੰ ਬੁਲਾਇਆ ਗਿਆ ਜਿਨ੍ਹਾਂ ਨੇ ਫਿਰ ਨੌਵੇਂ ਪਾਤਸ਼ਾਹ ਜੀ ਨੂੰ ਗੁਰਤਾ ਗੱਦੀ ਦਾ ਤਿਲਕ ਲਗਾਇਆ, ਰਸਮ ਪੂਰੀ ਕੀਤੀ।

***-ਬਾਬਾ ਅਹੈ ਬਕਾਲੇ ਮਾਂਹਿ-।***
***ਭਯੋ ਸਾਚ ਸੋ ਹੈ ਗੁਰੁ ਯਾਹਿ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)***

***ਪਤਾ ਜਹਾਜ ਬਤਾਵਨਿ ਕੀਨ।***

ਮੇਰੇ ਜਹਾਜ਼ ਦਾ ਪਤਾ ਇਨ੍ਹਾਂ ਨੇ ਦਿੱਤਾ ਹੈ। ਬਾਕੀ 22 ਮੰਜੀਆਂ ਵਾਲੇ ਗੁਰੂ ਨਹੀਂ ਦੇ ਸਕੇ।

***ਅੰਤਰ ਕੀ ਗਤਿ ਸਭਿ ਲਖਿ ਲੀਨਿ ॥੫੯॥***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)***

ਸਾਰੀ ਅੰਦਰ ਦੀ ਬਿਰਹਾ ਨੂੰ ਜਾਣਦੇ ਹਨ, ਧੰਨ ਗੁਰੂ ਤੇਗ ਬਹਾਦਰ ਜੀ।

***ਸਾਚਾ ਗੁਰੂ ਲਾਧੋ ਰੇ, ਸਾਚਾ ਗੁਰੂ ਲਾਧੋ ਰੇ।***

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਮਾਤਾ

ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਚੰਦ ਜੀ (ਮਾਤਾ ਗੁਜਰੀ ਜੀ ਦੇ ਭਰਾਤਾ ਜੀ) ਸਭਨਾਂ ਨੂੰ ਬੇਨਤੀ ਕਰਕੇ ਕਹਿੰਦੇ, ਧੰਨ ਗੁਰੂ ਤੇਗ ਬਹਾਦਰ ਜੀ ਨੂੰ ਮਨਾ ਲਿਆ ਹੈ ਤਾਂ ਕਿ ਸੰਗਤ ਦਾ ਭਲਾ ਹੋਵੇ, ਸੰਗਤ ਭਟਕੀ ਪਈ ਹੈ। ਫਿਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਾਸਤੇ ਬੜਾ ਹੀ ਸੋਹਣਾ ਇੱਕ ਚੋਲਾ ਤਿਆਰ ਕਰਵਾਇਆ। ਮਹਾਰਾਜ ਜੀ ਨੇ ਇਸ਼ਨਾਨ ਕਰਕੇ ਉਹ ਚੋਲਾ ਪਹਿਨਿਆ। ਸੋਹਣੀ ਦਸਤਾਰ ਸਜਾਈ। ਬਾਬਾ ਬੁੱਢਾ ਸਾਹਿਬ ਜੀ ਦੀ ਕੁੱਲ ਵਿੱਚੋਂ ਬਾਬਾ ਗੁਰਦਿੱਤਾ ਜੀ ਨੇ ਗੁਰਤਾ ਗੱਦੀ ਦਾ ਤਿਲਕ ਲਗਾਇਆ। ਸਾਰੀ ਸੰਗਤ ਉਮਡ ਪਈ, ਦਰਸ਼ਨ ਕਰ ਰਹੀ ਹੈ। ਹੁਣ ਜਿਹੜਾ ਦਰਸ਼ਨ ਕਰਦਾ ਹੈ ਧੰਨ ਗੁਰੂ ਤੇਗ ਬਹਾਦਰ ਜੀ ਦੇ, ਉਸਦੇ ਅੰਦਰ ਠੰਡ ਪੈਂਦੀ ਹੈ, ਤਪਦੇ ਮਨ ਸ਼ਾਂਤ ਹੁੰਦੇ ਹਨ।

***ਦੋਹਰਾ: ਸੰਗਤਿ ਸਭਿ ਇਕ ਬਾਰ ਹੀ,***
***ਦੌਰਿ ਦੌਰਿ ਨਰਿ ਆਇਂ।***
***ਦੀਰਘ ਦਰਸ਼ਨ ਸਤਿਗੁਰੂ,***
***ਦੈ ਹੈਂ ਦਰਸ ਦਿਖਾਇ ॥੧॥***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)*

ਆਹ ਸਮਾਂ ਬਣ ਗਿਆ:

***ਗੁਰ ਪਰਸਾਦਿ ਸਹਜ ਘਰੁ ਪਾਇਆ***
***ਮਿਟਿਆ ਅੰਧੇਰਾ ਚੰਦੁ ਚੜਿਆ ॥੧ ॥ ਰਹਾਉ ॥***

*(ਅੰਗ ੩੯੩)*

ਦਾਸ ਦਾ ਆਪਣਾ ਵਿਸ਼ਵਾਸ ਹੈ ਤੁਸੀਂ ਬੈਠੇ-ਬੈਠੇ ਸੁਰਤ ਬਣਾ ਲਓ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿੱਥੇ ਪ੍ਰਕਾਸ਼ ਹੈ ਉੱਥੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਪ ਚੌਂਕੜਾ ਮਾਰ ਕੇ ਬੈਠੇ ਹਨ। ਐਸੀ ਸੁਰਤੀ ਵੀ ਬਣਾ ਲਓਗੇ ਤੇ ਦਾਸ ਨੂੰ ਪੂਰਨ ਵਿਸ਼ਵਾਸ ਹੈ ਕਿ ਕੁਝ ਨਾ ਕੁਝ ਸਾਡੇ ਪਾਪ ਧੋਤੇ ਹੀ ਜਾਣਗੇ। ਸਾਰੇ ਸੁਰਤ ਵਿੱਚ ਲਿਆਓ, ਇਧਰ ਗੁਰਤਾ ਗੱਦੀ ਸਮੇਂ ਦਾ ਦ੍ਰਿਸ਼। ਕਿੰਞ ਸੰਗਤ ਸਤਿਗੁਰਾਂ ਦੇ ਦਰਸ਼ਨਾਂ ਨੂੰ ਉਮੜੀ ਪਈ ਹੈ, ਕਿੰਞ ਨਵਾਂ ਚੋਲਾ ਪਹਿਨਿਆ ਤੇ ਕਿਵੇਂ ਦਸਤਾਰ ਸਜਾਈ ਹੈ ਮਹਾਰਾਜ ਜੀ ਨੇ:

***ਗੁਰ ਪਰਸਾਦਿ ਸਹਜ ਘਰੁ ਪਾਇਆ***
***ਮਿਟਿਆ ਅੰਧੇਰਾ ਚੰਦੁ ਚੜਿਆ ॥੧ ॥ ਰਹਾਉ ॥***

*(ਅੰਗ ੩੯੩)*

ਉਧਰ ਸੰਗਤਾਂ ਬਾਬੇ ਬਕਾਲੇ ਗੁਰੂ ਸਾਹਿਬ ਜੀ ਦਾ ਦਰਸ਼ਨ ਕਰ ਰਹੀਆਂ ਹਨ, ਅਸੀਂ ਇੱਥੇ ਬੈਠੇ ਸੁਰਤੀ ਨਾਲ ਦਰਸ਼ਨ ਕਰੀਏ, ਭਾਵਨਾ ਬਣਾਈਏ ਸਾਡੇ ਸਾਰਿਆਂ ਦੇ ਸੀਸ ਵੀ ਪਿਆਰੇ ਸਤਿਗੁਰਾਂ ਦੇ ਚਰਨਾਂ ਤੇ ਝੁਕੇ ਹੋਏ ਹਨ। ਗੁਰੂ ਸਾਹਿਬ ਸਾਡੇ ਵੀ ਸਿਰ ਤੇ ਹੱਥ ਰੱਖ ਕੇ ਅਸੀਸ ਦੇ ਰਹੇ ਹਨ।

***ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥***
***ਦੁਆਰਿਕਾ ਨਗਰੀ ਕਾਹੇ ਕੇ ਮਗੋਲ ॥੨॥***

*(ਅੰਗ ੭੨੭)*

ਸਾਰੇ ਸੁਰਤੀ ਵਿੱਚ ਲਿਆਈਏ ਐਸਾ ਸਮਾਂ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਿਹਰ ਦੀ ਨਦਰਿ, ਸਾਡੇ ਵੀ ਪਾਪ ਧੋ ਦੇਵੇਗੀ।

***ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥***
***ਹਉ ਕੁਰਬਾਣੀ ਤੇਰਿਆ ਸੇਵਕਾ***
***ਜਿਨ੍ ਹਰਿ ਨਾਮੁ ਪਿਆਰਾ ॥੩॥***

*(ਅੰਗ ੭੪੬)*

***ਅਤਿ ਪ੍ਰੀਤਮ ਮਨ ਮੋਹਨਾ***
***ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥***
***ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ***
***ਅਪਰ ਅਪਾਰਾ ਰਾਮ ॥***

*(ਅੰਗ ੫੪੨)*

***ਭਲਾ ਭਲਾ ਭਲਾ ਤੇਰਾ ਰੂਪ ॥***
***ਅਤਿ ਸੁੰਦਰ ਅਪਾਰ ਅਨੂਪ ॥***

*(ਅੰਗ ੨੭੯)*

ਕੈਸਾ ਸੀਨ ਹੋਵੇਗਾ ਬਾਬੇ ਬਕਾਲੇ ਦਾ ਕਿ ਬਹੁਤ ਹੀ ਸੁੰਦਰ ਚਿੱਟਾ ਚੋਲਾ ਮਹਾਰਾਜ ਜੀ ਨੇ ਨਵਾਂ ਪਹਿਨਿਆ ਹੈ। ਸੋਹਣੀ ਦਸਤਾਰ ਸਜਾਈ ਹੈ। ਬਾਬਾ ਬੁੱਢਾ ਸਾਹਿਬ ਜੀ ਦੀ ਕੁੱਲ ਵਿੱਚੋਂ ਬਾਬਾ ਗੁਰਦਿੱਤਾ ਜੀ ਤਿਲਕ ਲਗਾ ਰਹੇ ਹਨ।

*ਦੋਹਰਾ: ਸੰਗਤਿ ਸਭਿ ਇਕ ਬਾਰ ਹੀ,*
*ਦੌਰਿ ਦੌਰਿ ਨਰਿ ਆਇਂ।*
*ਦੀਰਘ ਦਰਸ਼ਨ ਸਤਿਗੁਰੂ,*
*ਦੈ ਹੈਂ ਦਰਸ ਦਿਖਾਇ ॥੧॥*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)*

ਸੰਗਤ ਦਰਸ਼ਨ ਕਰ ਰਹੀ ਹੈ। ਕਹਿੰਦੇ ਬਸਤਰਾਂ ਦੇ, ਮੋਹਰਾਂ ਦੇ, ਅਸ਼ਰਫੀਆਂ ਦੇ, ਸੋਨੇ ਦੇ ਚਾਂਦੀ ਦੇ ਢੇਰ, ਅਨੇਕਾਂ ਭੇਟਾਵਾਂ ਦੇ ਅੰਬਾਰ ਲੱਗ ਗਏ। ਸੰਗਤਾਂ ਮੱਥਾ ਟੇਕ, ਨਮਸਕਾਰਾਂ ਕਰ ਤ੍ਰਿਪਤ ਹੁੰਦੀਆਂ ਨੇ, ਭੇਟਾਵਾਂ ਦੀਆਂ ਢੇਰੀਆਂ ਲੱਗ ਗਈਆਂ। ਇਹ ਸੱਚਾਈ ਹੈ।

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*

*(ਅੰਗ ੨੬੬)*

ਬਾਬੇ ਬਕਾਲੇ ਵਿਖੇ ਨੌਂਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਗੁਰੂ ਦੇ ਦਿੱਤੇ ਵਿੱਚੋਂ ਸੰਗਤਾਂ ਨੇ ਵਸਤਾਂ ਦੀਆਂ ਢੇਰੀਆਂ ਲਗਾ ਦਿੱਤੀਆਂ, ਮੋਹਰਾਂ ਦੀ ਢੇਰੀ, ਅਸ਼ਰਫੀਆਂ, ਸੋਨਾ-ਚਾਂਦੀ ਤੇ ਹੋਰ ਬੇਅੰਤ ਭੇਟਾਵਾਂ ਦੇ ਅੰਬਾਰ ਲੱਗ ਗਏ। ਸੰਗਤਾਂ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਦਰਸ਼ਨ ਕਰਕੇ ਖੁਸ਼ੀਆਂ ਮਾਣ ਰਹੀਆਂ ਹਨ।

*ਭਲਾ ਭਲਾ ਭਲਾ ਤੇਰਾ ਰੂਪ ॥*
*ਅਤਿ ਸੁੰਦਰ ਅਪਾਰ ਅਨੂਪ ॥*

*(ਅੰਗ ੨੭੯)*

*ਚਰਨ ਕਮਲ ਜਾ ਕੇ ਅਨੂਪ ॥*
*ਸਫਲ ਦਰਸਨੁ ਸੁੰਦਰ ਹਰਿ ਰੂਪ ॥*

*(ਅੰਗ ੨੯੩)*

ਹੁਣ ਦਰਸ਼ਨ ਕਰਨਾ, ਕੁਝ ਅਵਾਜ਼ ਦਾ ਅਸਰ ਹੋਇਆ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਕਿਹਾ, ਗੁਰੂ ਲਾਧੋ ਰੇ। ਇੰਨਾ ਅਸਰ ਹੋਇਆ:

*ਦੋਹਰਾ: ਸੰਗਤਿ ਸਭਿ ਇਕ ਬਾਰ ਹੀ,*
*ਦੌਰਿ ਦੌਰਿ ਨਰਿ ਆਇਂ।*
*ਦੀਰਘ ਦਰਸ਼ਨ ਸਤਿਗੁਰੂ,*
*ਦੈ ਹੈਂ ਦਰਸ ਦਿਖਾਇ ॥੧॥*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੧)*

ਕਹਿੰਦੇ, ਦੌੜ-ਦੌੜ ਕੇ ਸਾਰੇ ਆਏ। ਭੀੜ ਲੱਗ ਗਈ। ਸੰਗਤ ਨੇ ਸ਼ੁਕਰ ਕੀਤਾ, ਸੱਚਾ ਗੁਰੂ ਲੱਭ ਪਿਆ ਹੈ। ਕੋਈ ਮੋਹਰਾਂ ਚੜ੍ਹਾ ਰਿਹਾ ਹੈ, ਕੋਈ ਅਸ਼ਰਫੀਆਂ, ਕੋਈ ਸੋਨਾ, ਕੋਈ ਚਾਂਦੀ। ਕੋਈ ਫਲ, ਕੋਈ ਵਸਤੂ। ਕਿੰਨਾ ਢੇਰ ਲੱਗ ਗਿਆ। ਜਿੰਨੇ 22 ਦੇ 22 ਨਕਲੀ ਸਨ, ਸਾਰੇ ਹੀ ਭੱਜ ਗਏ। ਧੀਰਮਲ ਵੀ। ਸ਼ੀਆ ਮਸੰਦ, ਉਹ ਈਰਖਾ ਕਰਦਾ ਸੀ, ਗੁਰੂ ਜੀ ਨਾਲ। ਉਸ ਨੇ ਧੀਰਮਲ ਨੂੰ ਕਿਹਾ, ਗੁਰੂ ਤੇਗ ਬਹਾਦਰ ਜੀ ਦੀ ਇੰਨੀ ਮਹਾਨਤਾ ਵੱਧ ਗਈ ਹੈ, ਜੇ ਤੂੰ ਕੋਈ ਕਦਮ ਨਾ ਉਠਾਇਆ, ਤੇਰਾ ਜਸ ਖਤਮ ਹੋ ਜਾਵੇਗਾ। ਉਹ ਕਹਿੰਦਾ ਹੈ ਕਿ ਕੀ ਕਦਮ ਉਠਾਵਾਂ। ਉਹ ਕਹਿਣ ਲੱਗਾ, ਜਾਂ ਤਾਂ ਡਰਾ ਕੇ ਭਜਾ ਦੇ ਜਾਂ ਫਿਰ ਮਰਵਾ ਦੇ। ਇਹ ਇਤਿਹਾਸ ਹੈ, 50 ਬੰਦੇ ਲੈ ਕੇ ਆਇਆ। ਸ਼ੀਆ ਮਸੰਦ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਤੇ ਗੋਲੀ ਚਲਾਈ। ਪਿਤਾ ਜੀ ਦੇ ਗੋਲੀ ਮੱਥੇ ਨੂੰ ਛੂਹ ਕੇ ਲੰਘੀ, ਜਿੰਨ੍ਹਾਂ ਸੰਗਤਾਂ ਨੇ ਭੇਟਾ ਕੀਤਾ ਸੀ, ਸਭ ਲੁੱਟ ਕੇ ਲੈ ਗਏ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮੁੱਖੋਂ ਵਿੱਚੋਂ ਕੀ ਕਹਿੰਦੇ ਹਨ, ਭਲੇ ਧੀਰਮਲ, ਭਲੇ ਧੀਰਮਲ। ਤੇਰਾ ਭਲਾ ਹੋਵੇ।

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਤੰਬੂ ਪਰ੍ਹੇ

ਲੱਗੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ। ਤਿੰਨ ਚੀਜ਼ਾਂ ਹੋਈਆਂ, ਇੱਕ ਤਾਂ ਅਪਮਾਨ, ਸਤਿਗੁਰਾਂ ਦਾ। ਇੱਕ ਗੋਲੀ ਤੇ ਇੱਕ ਲੁੱਟਣਾ। ਉਨ੍ਹਾਂ ਨੇ 500 ਬੰਦਾ ਨਾਲ ਲਿਆ ਤੇ ਜੋ ਕੁਝ ਧੀਰਮਲ ਤੇ ਸ਼ੀਆ ਮਸੰਦ ਲੈ ਗਏ ਸੀ, ਉਹ ਵੀ। ਚਲੋ ਇਹ ਵੱਖਰੀ ਗੱਲ ਹੈ, ਸਤਿਗੁਰੂ ਜੀ ਦਾ ਸਰੂਪ (ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਧੀਰਮਲ ਕੋਲ ਸੀ। ਉਨ੍ਹਾਂ ਦੇ ਸਾਰੇ ਸ਼ਸ਼ਤਰ ਵੀ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਸਾਰਾ ਕੁਝ ਉਨ੍ਹਾਂ ਨੂੰ ਦੰਡ ਦੇ ਕੇ ਵਾਪਸ ਲੈ ਆਂਦਾ। ਨਿਰਵੈਰਤਾ ਦੀ ਮੂਰਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿਣ ਲੱਗੇ, ਭਲੇ ਧੀਰਮਲ, ਭਲੇ ਧੀਰਮਲ। ਗੁਰੂ ਸਾਹਿਬ ਕਹਿੰਦੇ, ਤੇਰਾ ਭਲਾ ਹੋਵੇ। ਜਦੋਂ ਸਾਰਾ ਕੁਝ ਵਾਪਸ ਲਿਆਂਦਾ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਕਹਿੰਦੇ, ਓ ਮੱਖਣ ਸ਼ਾਹ ਜੀ, ਇਹ ਕੀ ਕੀਤਾ ਹੈ? ਜਿਸ ਕ੍ਰੋਧ ਵਿੱਚ ਉਹ ਲੈ ਗਏ, ਉਸ ਕ੍ਰੋਧ ਵਿੱਚ ਤੂੰ ਲੈ ਆਇਆ ਹੈਂ ਤੇ ਸਾਡੇ ਤੇ ਉਨ੍ਹਾਂ ਵਿੱਚ ਫ਼ਰਕ ਕੀ ਹੋਇਆ। ਹੁਣ ਬੜੇ ਸੋਹਣੇ ਸਵਾਲ ਜਵਾਬ ਹਨ। ਮਹਾਰਾਜ ਜੀ ਕਹਿੰਦੇ, ਕ੍ਰੋਧ ਵਿੱਚ ਉਹ ਲੈ ਗਏ, ਕ੍ਰੋਧ ਵਿੱਚ ਤੂੰ ਲੈ ਆਇਆ ਹੈਂ। ਫਿਰ ਫ਼ਰਕ ਕੀ ਹੋਇਆ? ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕਹਿੰਦੇ, ਮਹਾਰਾਜ ਜੀ, ਜਿਹੜਾ ਕੰਮ ਉਨ੍ਹਾਂ ਨੇ ਕੀਤਾ ਹੈ, ਜੇ ਅਪਰਾਧੀ ਨੂੰ ਸਜ਼ਾ ਨਾ ਮਿਲੇ ਤਾਂ ਉਸ ਦਾ ਬਲ ਵੱਧਦਾ ਹੈ। ਉਨ੍ਹਾਂ ਨੂੰ ਸਜ਼ਾ ਦੇਣੀ ਬਣਦੀ ਸੀ, ਨਹੀਂ ਤਾਂ ਉਨ੍ਹਾਂ ਦਾ ਬਲ ਵੱਧ ਜਾਣਾ ਸੀ। ਅੱਗੋ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ, ਮੱਖਣ ਸ਼ਾਹ ਲੁਬਾਣਾ ਜੀ ਨੂੰ, ਮੱਖਣ ਸ਼ਾਹ ਲੁਬਾਣਾ, ਅਸੀਂ ਚਾਹੁੰਦੇ ਹਾਂ, ਤੂੰ ਖਿਮਾ ਦਾ ਚੋਲਾ ਪਾ।

***ਮਨੁ ਮੋਤੀ ਜੇ ਗਹਣਾ ਹੋਵੈ***
***ਪਉਣੁ ਹੋਵੈ ਸੂਤ ਧਾਰੀ॥***
***ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ***
***ਰਾਵੈ ਲਾਲ ਪਿਆਰੀ॥੧॥***

*(ਅੰਗ ੩੫੯)*

ਪਿਆਰੇ ਨੂੰ ਇਹ ਭਾਅ ਜਾਂਦਾ ਹੈ, ਚੰਗਾ ਲੱਗਦਾ ਹੈ। ਜਿਸ ਕੋਲ ਖਿਮਾ ਦਾ ਚੋਲਾ ਹੈ।

***ਕਬੀਰਾ ਜਹਾ ਗਿਆਨੁ ਤਹ ਧਰਮੁ ਹੈ***
***ਜਹਾ ਝੂਠੁ ਤਹ ਪਾਪੁ॥***
***ਜਹਾ ਲੋਭੁ ਤਹ ਕਾਲੁ ਹੈ***
***ਜਹਾ ਖਿਮਾ ਤਹ ਆਪਿ॥੧੫੫॥***

*(ਅੰਗ ੧੩੭੨)*

ਬੜਾ ਔਖਾ ਕੰਮ ਸੀ। ਮੱਖਣ ਸ਼ਾਹ ਲੁਬਾਣਾ, ਤੂੰ ਖਿਮਾ ਦਾ ਚੋਲਾ ਪਾ ਲੈ। ਮਹਾਰਾਜ ਜੀ, ਹੁਣ ਕੀ ਕਰਾਂ? ਮਹਾਰਾਜ ਜੀ ਕਹਿੰਦੇ, ਸਾਰਾ ਕੁਝ ਵਾਪਸ ਕਰ ਦੇ। ਇਹ ਸਾਨੂੰ ਨਹੀਂ ਲੋੜ। ਨਹੀਂ ਲੱਭਣੇ ਇਹੋ ਜਿਹੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਗੁਰੂ ਸਾਹਿਬ ਨੂੰ ਕਹਿਣ ਲੱਗੇ, ਸਤਿਗੁਰੂ ਜੀ! ਔਖਾ ਬੜਾ ਹੈ ਪਰ ਹੁਣ ਤੁਹਾਡਾ ਹੁਕਮ ਹੈ। ਸਾਰਾ ਕੁਝ ਧੀਰਮਲ ਨੂੰ ਵਾਪਸ ਦੇ ਦਿੱਤਾ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ, ਸਾਨੂੰ ਨਹੀਂ ਲੋੜ। ਇਹ ਝਗੜੇ ਦਾ ਕਾਰਨ ਹੈ, ਮਾਇਆ। ਸਾਨੂੰ ਨਹੀਂ ਲੋੜ। ਉਹ ਸ਼ਰਮ ਦਾ ਮਾਰਾ ਧੀਰਮਲ ਨੇ ਵੀ ਅੰਦਰੋਂ ਮਹਿਸੂਸ ਕੀਤਾ ਕਿ ਪੂਰੇ ਗੁਰੂ ਇਹੀ ਹਨ। ਮੇਰਾ ਅਪਰਾਧ ਨਹੀਂ ਚਿਤਾਰਿਆ, ਸਾਰਾ ਕੁਝ ਮੋੜ ਦਿੱਤਾ। ਔਰ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਪਿਤਾ ਜੀ ਨੇ ਅਸੀਸਾਂ, ਪਿਆਰ, ਰਹਿਮਤਾਂ ਦਿੱਤੀਆਂ। ਉਹ ਪਿਆਰ ਵੰਡਿਆ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕੌਣ ਹਨ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

*(ਵਾਰ ੧੯, ਪਉੜੀ ੧੨)*

❏❏❏

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

—ਭਾਈ ਪਾਲ ਸਿੰਘ

**ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ**

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**ਨੌਵੇਂ ਪਾਤਸ਼ਾਹ ਜੀ ਦਾ ਨੌਵਾਂ ਸਲੋਕ :**

***ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥***
***ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥***

*(ਅੰਗ ੧੪੨੬-੨੭)*

ਸਾਰੇ ਸੁੱਖ ਦੇਣ ਵਾਲਾ ਪਰਮਾਤਮਾ ਹੈ ਦੂਸਰਾ ਹੋਰ ਕੋਈ ਨਹੀਂ ਹੈ। ਹੇ ਮੇਰੇ ਮਨ! ਤੂੰ ਸੁਣ ਉਸਦਾ ਸਿਮਰਨ ਕਰਕੇ ਮੁਕਤੀ ਹੁੰਦੀ ਹੈ।

ਹਰ ਜੀਵ ਅਨੇਕ ਤਰ੍ਹਾਂ ਦੇ ਸੁੱਖਾਂ ਦੇ ਸਾਧਨ ਹੀ ਕਰਦਾ ਦਿੱਸਦਾ ਹੈ। ਬਾਲ, ਬੁੱਢਾ, ਇਸਤਰੀ, ਪੁਰਸ਼, ਛੋਟਾ, ਵੱਡਾ ਜੋ ਵੀ ਕੰਮ ਕਰਦਾ ਹੈ, ਸੁੱਖ ਦੀ ਪ੍ਰਾਪਤੀ ਲਈ ਹੀ ਕਰਦਾ ਹੈ। ਚੋਰ ਚੋਰੀ ਕਰਦਾ ਹੈ, ਧਨ ਚੁਰਾ ਕੇ ਸੁੱਖ ਭੋਗਣ ਲਈ। ਡਾਕੂ ਡਾਕਾ ਮਾਰਦਾ ਹੈ, ਧਨ ਲੁੱਟ ਕੇ ਸੁੱਖ ਮਾਨਣ ਲਈ। ਕੋਈ ਘਰ ਛੱਡ ਕੇ ਦੇਸਾਂ-ਪ੍ਰਦੇਸਾਂ ਵਿੱਚ ਫਿਰਦਾ ਹੈ ਤਾਂ ਕੇਵਲ ਧਨ ਕਮਾ ਕੇ ਸੁੱਖ ਭੋਗਣ ਲਈ ਪਰ ਸਤਿਗੁਰੂ ਜੀ ਕਹਿੰਦੇ ਬਹੁਤ ਧਨ ਖੱਟਣ ਵਿੱਚ ਵੀ ਸੁੱਖ ਨਹੀਂ ਹੈ, ਨਾਟਕਾਂ ਦੇ ਨਾਚ ਵੇਖਿਆਂ ਵੀ ਸੁਖ ਪ੍ਰਾਪਤ ਨਹੀਂ ਹੁੰਦਾ, ਬਹੁਤੇ ਦੇਸ਼ ਜਿੱਤ ਲੈਣ ਨਾਲ ਵੀ ਸੁੱਖ ਨਹੀਂ ਮਿਲਦਾ। ਪਰਮਾਤਮਾ ਦੀ ਸਿਫਤਿ ਸਲਾਹ ਕੀਤਿਆਂ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ।

*ਪ੍ਰਮਾਣ :*

***ਭੈਰਉ ਮਹਲਾ ੫ ॥***
***ਸੁਖੁ ਨਾਹੀ ਬਹੁਤੈ ਧਨਿ ਖਾਟੇ ॥***
***ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥***
***ਸੁਖੁ ਨਾਹੀ ਬਹੁ ਦੇਸ ਕਮਾਏ ॥***
***ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥***

*(ਅੰਗ ੧੧੪੭)*

ਤੀਸਰੇ ਪਾਤਸ਼ਾਹ ਜੀ ਵੀ ਫ਼ਰਮਾਉਂਦੇ ਹਨ ਕਿ ਸੁੱਖ ਦੇਣ ਵਾਲਾ ਸਿਰਫ ਪਰਮਾਤਮਾ ਹੀ ਹੈ, ਜਿਹੜੇ ਮਨੁੱਖ ਪਰਮਾਤਮਾ ਦਾ ਆਸਰਾ ਨਹੀਂ ਲੈਂਦੇ ਉਹ ਹੋਰ-ਹੋਰ ਥਾਂ ਤੋਂ ਸੁੱਖ ਪ੍ਰਾਪਤ ਨਹੀਂ ਕਰ ਸਕਦੇ।

*ਪ੍ਰਮਾਣ :*

***ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥***

*(ਅੰਗ ੧੧੩੨)*

ਸੁੱਖ ਮੰਗਦਿਆਂ ਨੂੰ ਅੱਗੇ ਦੁਖ ਹੁੰਦਾ ਹੈ ਜਿਵੇਂ ਚੋਰ ਨੇ ਸੁੱਖ ਵਾਸਤੇ ਚੋਰੀ ਕੀਤੀ ਪਰ ਫੜਿਆ ਗਿਆ ਮਾਰ ਪਈ, ਕੈਦ ਹੋਈ ਦੁਖ ਮਿਲਿਆ। ਇਸੇ ਤਰ੍ਹਾਂ ਬੰਦਾ ਸੁਖਾਂ ਦੀ ਭਾਲ ਵਿੱਚ ਦੁੱਖ ਸਹਾਰਦਾ ਰਹਿੰਦਾ ਹੈ।

*ਪ੍ਰਮਾਣ :*

***ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥***

*(ਅੰਗ ੪੧੧)*

ਫਿਰ ਸੁੱਖ ਕਿਹੜੇ ਕੰਮ ਵਿੱਚ ਹੈ? ਇਸਦਾ ਉੱਤਰ ਵੀ ਗੁਰਬਾਣੀ ਹੀ ਦਿੰਦੀ ਹੈ।

***ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥***

*(ਅੰਗ ੧੧੪੭)*

ਪੰਜਵੇਂ ਪਾਤਸ਼ਾਹ ਜੀ ਵੀ ਫ਼ਰਮਾਉਂਦੇ ਹਨ ਕਿ ਭਾਵੇਂ ਕੋਈ ਅੱਗ ਵਿੱਚ ਆਪਣੇ ਪ੍ਰਾਣ ਹਵਨ ਕਰ ਦੇਵੇ, ਸੋਨਾ, ਘੋੜੇ ਤੇ ਜ਼ਮੀਨ ਦਾਨ ਕਰੇ ਹੋਰ ਬਹੁਤ ਸਾਰੇ ਕਠਿਨ ਸਾਧਨ ਤੇ ਸੰਜਮ ਕਰੇ, ਸਰੀਰ ਨੂੰ ਰਤਾ-ਰਤਾ ਕਰ ਕੇ ਕਟਾ ਦੇਵੇ ਤਾਂ ਵੀ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ ਅਜਿਹੇ ਉੱਦਮ ਪ੍ਰਭੂ ਦੇ ਨਾਮ ਦੇ ਬਰਾਬਰ ਨਹੀਂ ਹਨ। ਜੋ ਮਨੁੱਖ ਗੁਰੂ ਦੇ ਸਨਮੁੱਖ ਹੋ ਕੇ ਨਾਮ ਜਪਦੇ ਹਨ, ਉਨ੍ਹਾਂ ਦੀ ਹੀ ਮੁਕਤੀ ਹੁੰਦੀ ਹੈ।

***ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥***
***ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥***

*(ਅੰਗ ੨੬੫)*

ਇਸੇ ਲਈ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿ ਰਹੇ ਹਨ ਸਾਰੇ ਸੁੱਖਾਂ ਦਾ ਦਾਤਾ ਪਰਮਾਤਮਾ ਹੀ ਹੈ, ਦੂਸਰਾ ਕੋਈ ਨਹੀਂ। ਉਸਦਾ ਸਿਮਰਨ ਕਰਕੇ ਹੀ ਮੁਕਤੀ ਮਿਲਦੀ ਹੈ।

❑❑❑

***ਨੌਵੇਂ ਪਾਤਸ਼ਾਹ ਜੀ ਦਾ ਦਸਵਾਂ ਸਲੋਕ :***

***ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥***
***ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥***

*(ਅੰਗ ੧੪੨੭)*

ਹੇ ਮਿੱਤਰ! ਤੂੰ ਉਸ ਪਰਮਾਤਮਾ ਦਾ ਭਜਨ ਕਰਿਆ ਕਰ, ਜਿਸ ਦਾ ਨਾਮ ਸਿਮਰਦਿਆਂ ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਹੇ ਮਨ! ਸੁਣ, ਉਮਰ ਸਦਾ ਘਟਦੀ ਜਾ ਰਹੀ ਹੈ, ਪਰਮਾਤਮਾ ਦਾ ਸਿਮਰਨ ਨਾ ਵਿਸਾਰ।

ਭਗਤ ਕਬੀਰ ਜੀ ਵੀ ਕਹਿੰਦੇ ਹਨ ਕਿ ਦਿਨ ਤੋਂ ਪਹਿਰ ਤੇ ਪਹਿਰਾਂ ਤੋਂ ਘੜੀਆਂ ਇਸੇ ਤਰ੍ਹਾਂ ਥੋੜ੍ਹਾ-ਥੋੜ੍ਹਾ ਸਮਾਂ ਕਰਕੇ ਉਮਰ ਘੱਟਦੀ ਜਾ ਰਹੀ ਹੈ। ਸਰੀਰ ਕਮਜ਼ੋਰ ਹੁੰਦਾ ਜਾਂਦਾ ਹੈ। ਕਾਲ ਰੂਪ ਸ਼ਿਕਾਰੀ ਇਉਂ ਫਿਰਦਾ ਹੈ ਜਿਵੇਂ ਹਿਰਨ ਦਾ ਸ਼ਿਕਾਰ ਕਰਨ ਵਾਲੇ ਸ਼ਿਕਾਰੀ, ਦੱਸੋ ਇਸ ਸ਼ਿਕਾਰੀ ਤੋਂ ਬਚਣ ਵਾਸਤੇ ਕਿਹੜਾ ਯਤਨ ਕੀਤਾ ਜਾ ਸਕਦਾ ਹੈ।

*ਪ੍ਰਮਾਣ :*

***ਦਿਨ ਤੇ ਪਹਰ ਪਹਰ ਤੇ ਘਰੀਆਂ***
***ਆਵ ਘਟੈ ਤਨੁ ਛੀਜੈ ॥***
***ਕਾਲੁ ਅਹੇਰੀ ਫਿਰੈ ਬਧਿਕ ਜਿਉ***
***ਕਹਹੁ ਕਵਨ ਬਿਧਿ ਕੀਜੈ ॥੧॥***

*(ਅੰਗ ੬੯੨)*

ਫਿਰ ਭਗਤ ਕਬੀਰ ਜੀ ਕਹਿੰਦੇ ਹਨ ਹੇ ਭਾਈ! ਸੁਣੋ, ਮਨ ਦੇ ਇਸ ਭੁਲੇਖੇ ਨੂੰ ਦੂਰ ਕਰ ਦਿਓ ਕਿ ਸਦਾ ਇੱਥੇ ਬਹਿ ਰਹਿਣਾ ਹੈ। ਇਸ ਲਈ ਹੋਰ ਲਾਲਸਾ ਛੱਡ ਕੇ ਸਿਰਫ ਪ੍ਰਭੂ ਦਾ ਨਾਮ ਜਪੋ ਤੇ ਉਸ ਇੱਕ ਦੀ ਸ਼ਰਨ ਵਿੱਚ ਆਓ।

*ਪ੍ਰਮਾਣ :*

***ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥***
***ਕੇਵਲ ਨਾਮੁ ਜਪਹੁ ਰੇ ਪ੍ਰਾਨੀ***
***ਪਰਹੁ ਏਕ ਕੀ ਸਰਨਾਂ ॥੩॥੨॥***

*(ਅੰਗ ੬੯੨)*

ਧੰਨ ਗੁਰੂ ਤੇਗ ਬਹਾਦਰ ਜੀ ਪਾਤਸ਼ਾਹ ਵੀ ਆਖਦੇ ਹਨ, ਹੇ ਮਨੁੱਖ! ਜੇ ਤੂੰ ਪਰਮਾਤਮਾ ਦਾ ਨਾਮ ਸਿਮਰਨਾ ਹੈ ਤਾਂ ਦਿਨ ਰਾਤ ਇੱਕ ਕਰਕੇ ਸਿਮਰਨਾ ਸ਼ੁਰੂ ਕਰ ਦੇ ਕਿਉਂਕਿ ਜਿਵੇਂ ਤ੍ਰੇੜੇ ਹੋਏ ਘੜੇ 'ਚੋਂ ਪਾਣੀ ਸਹਿਜੇ-ਸਹਿਜੇ ਨਿਕਲਦਾ ਹੈ ਤਿਵੇਂ ਹੀ ਇੱਕ-ਇੱਕ ਛਿਨ ਕਰਕੇ ਉਮਰ ਬੀਤਦੀ ਜਾ ਰਹੀ ਹੈ।

*ਪ੍ਰਮਾਣ :*

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥***

*(ਅੰਗ ੭੨੬)*

ਪੰਜਵੇਂ ਪਾਤਸ਼ਾਹ ਜੀ ਵੀ ਆਖਦੇ ਹਨ ਕਿ ਹਰ ਜੀਵ ਨੂੰ ਉਮਰ ਦੇ ਸਾਰੇ ਦਿਨ ਸੁਆਸ ਗਿਣ ਕੇ ਮਿਲੇ ਹਨ। ਇੱਕ ਤਿਲ ਜਿਤਨਾ ਵੀ ਵਾਧਾ ਘਾਟਾ ਨਹੀਂ ਹੁੰਦਾ। ਉਹ ਬੰਦੇ ਮੂਰਖ ਹਨ ਜੋ ਮੋਹ ਦੀ ਭਟਕਣਾ ਵਿੱਚ ਪੈ ਕੇ ਪ੍ਰਭੂ ਵੱਲੋਂ ਮਿਲੀ ਉਮਰ ਨਾਲੋਂ ਵਧੀਕ ਜਿਉਣਾ ਲੋੜਦੇ ਹਨ।

*ਪ੍ਰਮਾਣ :*

***ਸਲੋਕੁ ॥***

***ਗਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥***
***ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥***

*(ਅੰਗ ੨੫੪)*

ਧੰਨ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਆਖਦੇ ਹਨ ਕਿ ਤੇਰੀ ਉਮਰ ਦੀ ਨਦੀ ਵਹਿੰਦੀ ਜਾ ਰਹੀ ਹੈ ਪਰ ਤੂੰ ਇਧਰ ਧਿਆਨ ਨਹੀਂ ਕਰਦਾ। ਤੂੰ ਨਾਸ਼ਵੰਤ ਪਦਾਰਥਾਂ ਦੇ ਮੋਹ ਦੇ ਬਾਨਣੂ ਹੀ ਸਦਾ ਬੰਨ੍ਹਦਾ ਰਹਿੰਦਾ ਹੈ।

*ਪ੍ਰਮਾਣ :*

***ਸੂਹੀ ਮਹਲਾ ੫ ॥***
***ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥***
***ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥***

*(ਅੰਗ ੭੪੩)*

ਇਸ ਲਈ ਨੌਵੇਂ ਪਾਤਸ਼ਾਹ ਜੀ ਸਮਝਾ ਰਹੇ ਹਨ, ਉਮਰ ਬੀਤਦੀ ਜਾ ਰਹੀ ਹੈ, ਪਰਮਾਤਮਾ ਦਾ ਸਿਮਰਨ ਨਾ ਵਿਸਾਰ।

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।
ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+35=185/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਉਪਮਾ ਤੇ ਵਿਸ਼ੇਸ਼

—ਭਾਈ ਪਿੰਦਰਪਾਲ ਸਿੰਘ ਜੀ ਦੀ ਪੁਸਤਕ ਜੀਵਨ ਕਥਾ ਅਤੇ ਸ਼ਹਾਦਤ ਵਿੱਚੋਂ

ਸਤਿਗੁਰੂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਹਜ਼ੂਰ ਨੇ ਗੁਰਤਾ ਗੱਦੀ 'ਤੇ ਬਿਰਾਜਮਾਨ ਹੋ ਕੇ ਆਪਣੀ ਮੁਬਾਰਿਕ ਰਸਨਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਉਨ੍ਹਾਂ ਦੇ ਅੰਮ੍ਰਿਤ ਬਚਨ ਹਨ, 15 ਰਾਗਾਂ ਦੇ ਵਿੱਚ ਬਾਣੀ ਉਚਾਰਨ ਕੀਤੀ ਹੈ। ਇਨ੍ਹਾਂ 15 ਰਾਗਾਂ ਵਿੱਚ 59 ਸ਼ਬਦ ਹਨ। ਧੰਨ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦਾਂ ਤੋਂ ਇਲਾਵਾ 57 ਸਲੋਕ ਧੰਨ ਗੁਰੂ ਤੇਗ ਬਹਾਦਰ ਜੀ ਨੇ ਉਚਾਰਣ ਕੀਤੇ। ਧੰਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਨੂੰ ਕੀ ਉਪਦੇਸ਼ ਕਰਦੀ ਹੈ, ਹਜ਼ੂਰ ਦੇ ਅੰਮ੍ਰਿਤ ਬਚਨਾਂ ਵਿੱਚੋਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ, ਵਿਚਾਰ ਕਰਾਂਗੇ। ਅਸਲ ਵਿੱਚ ਭਾਵੇਂ ਭੱਟ ਚਾਂਦ ਦੇ ਇਹ ਸ਼ਬਦ ਅਸੀਂ ਪੜ੍ਹਦੇ ਹਾਂ :

***ਤੇਗ ਬਹਾਦਰ ਬੋਲਿਆ***

ਉਹ ਕੇਵਲ ਸ਼ਹਾਦਤ ਤੱਕ ਹੀ ਨਹੀਂ, ਉਹ ਜੋ ਧੰਨ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਰਸਨਾ ਤੋਂ ਬੋਲ ਕੇ ਸਾਨੂੰ ਨਿਰਮਲ ਉਪਦੇਸ਼ ਗੁਰਮਤਿ ਦਾ ਗੁਰਬਾਣੀ ਰੂਪ ਵਿੱਚ ਦਿੱਤਾ, ਅਸੀਂ ਉਸ ਅੰਮ੍ਰਿਤ ਬਚਨਾਂ ਦੀ ਵੀਚਾਰ ਕਰਾਂਗੇ।

ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਤੇ 57 ਸਲੋਕ ਹਨ। ਸਾਰੀ ਬਾਣੀ ਤਕਰੀਬਨ ਹਜ਼ੂਰ ਨੇ ਹਿੰਦੀ ਦੇ ਵਿੱਚ ਉਚਾਰਣ ਕੀਤੀ। ਧੰਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਇੱਕ ਵਿਲੱਖਣਤਾ ਹੈ। ਆਮ ਤੁਸੀਂ ਸ਼ਬਦ ਪੜ੍ਹੋ। ਉਨ੍ਹਾਂ ਵਿੱਚ ਰਹਾਉ ਦੀ ਤੁੱਕ ਆਉਂਦੀ ਹੈ। ਕਈ ਸ਼ਬਦਾਂ ਵਿੱਚ ਦੋ-ਦੋ ਰਹਾਉ ਦੀਆਂ ਤੁੱਕਾਂ ਹਨ ਤੇ ਜਿੱਥੇ ਦੋ ਰਹਾਉ ਦੀਆਂ ਤੁੱਕਾਂ ਹਨ ਉੱਥੇ ਨਾਲ ਲਿਖਿਆ ਵੀ ਮਿਲੇਗਾ ਪਹਿਲੇ ਰਹਾਉ ਤੋਂ ਬਾਅਦ ਸ਼ਬਦ ਆਵੇਗਾ ਰਹਾਉ ਦੂਜਾ। ਇਹ ਕਿਉਂ? ਪਹਿਲੇ ਰਹਾਉ ਦੇ ਕਈ ਸ਼ਬਦ ਐਸੇ ਹਨ, ਜਿਨ੍ਹਾਂ ਵਿੱਚ ਚਾਰ ਤੁੱਕਾਂ ਰਹਾਉ ਦੀਆਂ ਹਨ, ਪਰ ਆਮ ਤੌਰ ਤੇ ਜਿੱਥੇ ਦੋ ਰਹਾਉ ਹਨ, ਉਹਦਾ ਕੋਈ ਭਾਵ ਹੈ। ਪਹਿਲੀ ਰਹਾਉ ਦੀ ਤੁੱਕ ਵਿੱਚ ਸਤਿਗੁਰੂ ਜੀ ਕਿਰਪਾ ਕਰਕੇ ਆਪ ਪ੍ਰਸ਼ਨ ਕਰਦੇ ਹਨ ਤੇ ਦੂਜੇ ਰਹਾਉ ਦੀ ਤੁੱਕ ਵਿੱਚ ਆਪਣੇ ਕੀਤੇ ਹੋਏ ਪ੍ਰਸ਼ਨ ਦਾ ਉੱਤਰ ਵੀ ਆਪ ਦੇਂਦੇ ਹਨ। ਪਹਿਲੇ ਰਹਾਉ ਸਿਰਫ਼ ਪ੍ਰਸ਼ਨ ਹੈ ਤੇ ਦੂਜੇ ਰਹਾਉ ਵਿੱਚ ਹਜ਼ੂਰ ਨੇ ਆਪਣੇ ਕੀਤੇ ਹੋਏ ਪ੍ਰਸ਼ਨ ਦਾ ਆਪ ਉੱਤਰ ਦਿੱਤਾ ਹੈ। ਤੁਸੀਂ ਆਮ ਤੌਰ 'ਤੇ ਪੜ੍ਹੋਗੇ ਰਹਾਉ ਦੀਆਂ ਤੁੱਕਾਂ ਕਈ ਵਾਰ ਸ਼ਬਦ ਦੇ ਵਿਚਕਾਰ ਕਰ ਕੇ ਹੋਣਗੀਆਂ। ਕਈ ਵਾਰ ਰਹਾਉ ਦੀਆਂ ਤੁੱਕਾਂ ਦੋ ਤੁੱਕਾਂ ਲੰਘਣ ਤੋਂ ਬਾਅਦ ਮਿਲਣਗੀਆਂ। ਆਪ 59 ਸ਼ਬਦ ਧੰਨ ਗੁਰੂ ਤੇਗ ਬਹਾਦਰ ਜੀ ਦੇ ਪੜ੍ਹਿਉ ਤੇ ਹਰ ਇੱਕ ਸ਼ਬਦ ਦੀਆਂ ਪਹਿਲੀਆਂ ਤੁੱਕਾਂ ਹੀ ਰਹਾਉ ਦੀਆਂ ਤੁੱਕਾਂ ਹਨ। 59 ਸ਼ਬਦਾਂ ਵਿੱਚ ਕੋਈ ਸ਼ਬਦ ਐਸਾ ਨਹੀਂ, ਜਿੱਥੇ ਰਹਾਉ ਦੀ ਤੁੱਕ ਕਿਤੇ ਵਿਚਕਾਰ ਜਾ ਕੇ ਹੋਵੇ। 59 ਸ਼ਬਦਾਂ ਵਿੱਚ ਜੋ ਪਹਿਲੀ ਤੁੱਕ ਹੈ ਗੁਰਮੁਖੋ! ਉਹ

ਪਹਿਲੀ ਤੁੱਕ ਹੀ ਗੁਰੂ ਜੀ ਨੇ ਰਹਾਉ ਦੀ ਤੁੱਕ ਬਣਾਈ ਹੈ। ਆਪ ਬਾਣੀ ਪੜ੍ਹਨ ਵਾਲੇ ਬੈਠੇ ਹੋ। ਧੰਨ ਗੁਰੂ ਤੇਗ ਬਹਾਦਰ ਜੀ ਦਾ ਸਭ ਤੋਂ ਪਹਿਲਾਂ ਬਚਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਅਤੇ ਸਭ ਤੋਂ ਅਖੀਰਲਾ ਬਚਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ, ਜੇਕਰ ਅਸੀਂ ਇਹ ਦੋ ਗੱਲਾਂ ਗੁਰੂ ਜੀ ਦੀਆਂ ਸਮਝ ਜਾਈਏ ਤਾਂ ਸਾਨੂੰ ਧੰਨ ਗੁਰੂ ਤੇਗ ਬਹਾਦਰ ਜੀ ਦੇ ਸਿਧਾਂਤ ਦਾ, ਉਨ੍ਹਾਂ ਦੇ ਮੁਬਾਰਿਕ ਬਚਨਾਂ ਦੀ ਸਮਝ ਪੈ ਜਾਏਗੀ।

ਧੰਨ ਗੁਰੂ ਤੇਗ ਬਹਾਦਰ ਜੀ ਦਾ ਸ੍ਰੀ ਰਾਗ ਵਿੱਚ ਕੋਈ ਸ਼ਬਦ ਨਹੀਂ, ਮਾਝ ਰਾਗ ਵਿੱਚ ਧੰਨ ਗੁਰੂ ਤੇਗ ਬਹਾਦਰ ਜੀ ਦਾ ਕੋਈ ਬਚਨ ਨਹੀਂ। ਧੰਨ ਗੁਰੂ ਤੇਗ ਬਹਾਦਰ ਜੀ ਦਾ ਤੀਸਰਾ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਉੜੀ ਹੈ ਅਤੇ ਗਉੜੀ ਰਾਗ ਵਿੱਚ ਉਨ੍ਹਾਂ ਦਾ ਪਹਿਲਾ ਸ਼ਬਦ, ਪਹਿਲੀ ਬਾਣੀ ਦਾ ਰਾਗ ਗਉੜੀ ਰਾਗ ਹੈ। ਪਹਿਲਾ ਸ਼ਬਦ ਜੋ ਆਉਂਦਾ ਹੈ, ਉਸਦੇ ਵਿੱਚ ਸੱਚ ਜਾਣੋ, ਧੰਨ ਗੁਰੂ ਤੇਗ ਬਹਾਦਰ ਜੀ ਨੇ ਪੂਰਨ ਪੁਰਖ, ਇੱਕ ਸੱਚੇ ਪਰਮਾਤਮਾ ਦੇ ਚਰਨਾਂ ਵਿੱਚ ਜੁੜੇ ਹੋਏ ਸੰਤ ਜਨ ਦੇ ਜੀਵਨ ਨੂੰ ਬਿਆਨ ਕੀਤਾ ਹੈ। ਪਹਿਲੀ ਤੁੱਕ ਵਿੱਚ, ਪਹਿਲੇ ਸ਼ਬਦ ਵਿੱਚ ਕਿਹਾ ਹੈ- ਐ ਇਨਸਾਨ! ਜੇ ਤੂੰ ਕਿਸੇ ਮੰਜ਼ਿਲ 'ਤੇ ਪਹੁੰਚਣਾ ਚਾਹੁੰਦਾ ਹੈ ਤਾਂ ਇਸ ਚੀਜ਼ ਨੂੰ ਤੂੰ ਆਪਣੀ ਜ਼ਿੰਦਗੀ ਵਿੱਚੋਂ ਤਿਆਗ ਦੇ ਤੇ ਜਦੋਂ ਅੰਤਲਾ ਸ਼ਬਦ ਪੜ੍ਹਿਆ ਤਾਂ ਕਹਿਣ ਲੱਗੇ ਕਿ ਜੇ ਜ਼ਿੰਦਗੀ ਵਿੱਚ ਕੁਝ ਖੱਟ ਕੇ ਜਾਣਾ ਚਾਹੁੰਦਾ ਹੈ ਤੇ ਇਸ ਵਸਤੂ ਨੂੰ ਘੁੱਟ ਕੇ ਪਕੜ ਲੈ। ਇੱਕ ਨੂੰ ਤਿਆਗ ਦੇ ਅਤੇ ਇੱਕ ਨੂੰ ਘੁੱਟ ਕੇ ਪਕੜ ਲੈ।

ਧੰਨ ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਗੱਲ ਤਿਆਗ ਦੀ ਕੀਤੀ। ਤਿਆਗਣਾ ਕੀ ਹੈ? ਇਕ ਤਿਆਗ, ਦੂਸਰਾ ਬੈਰਾਗ ਤੇ ਤੀਸਰਾ ਧੰਨ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਅਨੁਰਾਗ ਹੈ। ਤਿਆਗ ਵੀ ਹੈ, ਬੈਰਾਗ ਵੀ ਹੈ। ਤੁਸੀਂ ਤਿਆਗ ਤੇ ਬੈਰਾਗ ਦੇ ਅਰਥ ਸਮਝ ਗਏ ਹੋ। ਅਨੁਰਾਗ ਦਾ ਅੱਖਰੀ ਅਰਥ ਹੈ ਪ੍ਰੇਮ। ਧੰਨ ਗੁਰੂ ਤੇਗ ਬਹਾਦਰ ਜੀ ਬੈਰਾਗੀ ਬਣਾ ਕੇ ਇਨਸਾਨ ਨੂੰ ਪਰਮਾਤਮਾ ਦੇ ਅਨੁਰਾਗ ਵਿੱਚ ਜੋੜ ਦਿੰਦੇ ਹਨ, ਪਿਆਰ ਵਿੱਚ ਜੋੜ ਦਿੰਦੇ ਹਨ। ਧੰਨ ਗੁਰੂ ਤੇਗ ਬਹਾਦਰ ਜੀ ਪਹਿਲਾ ਬਚਨ ਕਹਿੰਦੇ ਹਨ:

***ਸਾਧੋ ਮਨ ਕਾ ਮਾਨੁ ਤਿਆਗਉ ॥***

*(ਅੰਗ ੨੧੯)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲਾ ਸ਼ਬਦ ਹੀ ਧੰਨ ਗੁਰੂ ਤੇਗ ਬਹਾਦਰ ਜੀ ਦਾ ਇਹ ਹੈ। ਸਾਧੋ ਦਾ ਅਰਥ ਹੈ ਹੇ ਭਲੇ ਪੁਰਖੋ! ਹੇ ਸੰਤ ਜਨੋਂ! ਜੇ ਤੁਸੀਂ ਕੁਝ ਆਪਣੀ ਜ਼ਿੰਦਗੀ ਵਿੱਚ ਕਿਸੇ ਮੰਜ਼ਿਲ 'ਤੇ ਪਹੁੰਚਣਾ ਚਾਹੁੰਦੇ ਹੋ ਤੇ ਸਭ ਤੋਂ ਪਹਿਲਾਂ ਆਪਣੇ ਅੰਦਰ ਦੇ ਮਾਨ ਨੂੰ ਤਿਆਗ ਦਿਓ। ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਮਾਨ ਨੂੰ ਛੱਡ ਦੇ ਤੇ ਨਾਮ ਨੂੰ ਘੁੱਟ ਕੇ ਪਕੜ ਲੈ। ਨਾਮ ਨੂੰ ਘੁੱਟ ਕੇ ਫੜੇਂਗਾ ਤਾਂ ਸੰਕਟ ਦੂਰ ਹੋਣਗੇ। ਨਾਮ ਨੂੰ ਜਪ ਲਏਂਗਾ ਤਾਂ ਹਰੀ ਦੇ ਦਰਸ਼ਨ ਹੋਣਗੇ। ਤੇ ਜੇ ਹੰਕਾਰ ਵਿੱਚ ਡੁੱਬਾ ਰਿਹਾ, ਮਾਣ ਨੂੰ ਨਾ ਤਿਆਗਿਆ ਤਾਂ ਆਪਣਾ ਅਮੋਲਕ ਜਨਮ ਤੂੰ ਕੌਡੀਆਂ ਦੇ ਭਾਅ, ਕੌਡੀਆਂ ਦੇ ਬਦਲੇ ਵੇਚ ਕੇ ਚਲਾ ਜਾਏਂਗਾ। ਪਹਿਲੇ ਸ਼ਬਦ ਵੱਲ ਥੋੜ੍ਹਾ ਜਿਹਾ ਧਿਆਨ ਦੇਣਾ ਕਿਉਂਕਿ ਮਾਣ ਨੂੰ ਛੱਡਣਾ ਬਹੁਤ ਮੁਸ਼ਕਿਲ ਹੈ। ਗੁਰਮੁਖੋ! ਇਨਸਾਨ ਖਾਣਾ ਤਿਆਗ ਸਕਦਾ ਹੈ, ਇਨਸਾਨ ਤਨ ਦੇ ਬਸਤਰ ਤਿਆਗ ਸਕਦਾ ਹੈ। ਇਨਸਾਨ ਆਪਣੇ ਘਰ ਬਾਹਰ ਨੂੰ ਤਿਆਗ ਸਕਦਾ ਹੈ। ਇਨਸਾਨ ਆਪਣੇ ਸਰੀਰ ਨੂੰ ਤਿਆਗ ਸਕਦਾ ਹੈ, ਪਰ ਹੰਕਾਰ ਐਸਾ ਹੈ, ਜਿਹੜਾ ਮਰਨ ਤੋਂ ਬਾਅਦ ਸਰੀਰ ਤਾਂ ਸੜ ਜਾਂਦਾ ਹੈ, ਪਰ ਹੰਕਾਰ ਨਹੀਂ ਸੜਦਾ। ਹੰਕਾਰ ਤਾਂ ਮਰਨ ਤੋਂ ਬਾਅਦ ਅਗਲੇ

ਜਨਮ ਵਿੱਚ ਫੇਰ ਜਾ ਕੇ ਘੇਰਦਾ ਹੈ। ਮਾਣ ਛੱਡਣਾ ਬਹੁਤ ਮੁਸ਼ਕਿਲ ਹੈ। ਗੁਰੂ ਜੀ ਨੇ ਬਾਣੀ ਵਿੱਚ ਫ਼ਰਮਾਇਆ ਹੈ ਕਿ ਜੇ ਕੋਈ ਬੰਦਾ ਮਾਇਆ ਛੱਡ ਕੇ ਇਹ ਕਹਿ ਦੇਵੇ ਕਿ ਦੇਖੋ ਜੀ, ਮੈਂ ਤਾਂ ਲੱਖਾਂ ਤਿਆਗ ਦਿੱਤੇ। ਗੁਰੂ ਜੀ ਕਹਿੰਦੇ ਹਨ ਕਿ ਲੱਖਾਂ ਤਿਆਗੇ ਜ਼ਰੂਰ ਹਨ, ਪਰ ਪਹਿਲਾਂ ਮੈਂ ਲੱਖਾਂ ਪਤੀ, ਉਦੋਂ ਹਉਮੈ ਸੀ ਕਿ ਮੈਂ ਲੱਖਪਤੀ ਤੇ ਹੁਣ ਮੈਂ ਲੱਖਾਂ ਦਾ ਤਿਆਗੀ ਹੋਵੇ, ਵੱਡੇ-ਵੱਡੇ ਰਿਸ਼ੀ-ਮੁਨੀ ਮਹਾਤਮਾ, ਧਰਮਾਤਮਾ ਇਸ ਹੰਕਾਰ ਨੇ, ਇਸ ਮਾਣ ਨੇ ਖਾ ਲਏ। ਤੂੰ ਮੈਂ ਨੂੰ ਛੱਡ ਦੇ। ਇਸੇ ਬਚਨ ਨੂੰ ਬਾਬਾ ਰਵਿਦਾਸ ਭਗਤ ਜੀ ਨੇ ਆਪਣੀ ਬਾਣੀ ਵਿੱਚ ਕਿਹਾ ਕਿ ਜਿਹੜੇ ਲੋਕ ਮਾਣ ਨੂੰ ਛੱਡ ਦੇਂਦੇ ਹਨ, ਸਾਈਂ ਨਾਮ ਉਨ੍ਹਾਂ ਦੇ ਕੋਲ ਹੈ ਤੇ ਜਿਨ੍ਹਾਂ ਨੇ ਮਾਣ ਨੂੰ ਨਹੀਂ ਤਿਆਗਿਆ, ਗੁਰਮੁਖੋ! ਉਹ ਸਾਈਂ ਨਾਮ ਨੂੰ ਕਦੀ ਪਾ ਨਹੀਂ ਸਕਣਗੇ। ਅਸੀਂ ਬਚਨ ਪੜ੍ਹਦੇ ਹਾਂ :

***ਜਬ ਹਮ ਹੋਤੇ ਤਬ ਤੂ ਨਾਹੀ***

ਤੇ ਜਿਸ ਦਿਨ ਮਾਣ ਤਿਆਗ ਦਿੱਤਾ :

***ਅਬ ਤੂਹੀ ਮੈ ਨਾਹੀ ॥***

***(ਅੰਗ ੬੫੭)***

ਜਿਸ ਦਿਨ ਮੈਂ ਹੈ, ਉਸ ਦਿਨ ਤੂੰ ਨਹੀਂ ਆਏਗੀ। ਤੇ ਜਿਸ ਦਿਨ ਤੂੰ ਖਤਮ ਹੋ ਗਈ, ਚੇਤੇ ਰੱਖੀਂ, ਉਸ ਦਿਨ ਹੰਕਾਰ ਹਉਮੈ ਬੋਲੇਗੀ। ਜਿਸ ਦਿਨ ਹਉਮੈ ਮਰ ਜਾਏਗੀ, ਉਸ ਦਿਨ ਅੰਦਰ ਤੂੰ ਰਹਿ ਜਾਏਗਾ। ਕਬੀਰ ਜੀ ਨੇ ਇਸੇ ਮਾਣ ਨੂੰ ਤਿਆਗਣ ਦੀ ਇੱਕ ਜੁਗਤ ਦੱਸੀ ਹੈ। ਉਹ ਕਹਿਣ ਲੱਗੇ :

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ ॥੨੦੪॥***

***(ਅੰਗ ੧੩੭੫)***

ਧੰਨ ਗੁਰੂ ਤੇਗ ਬਹਾਦਰ ਜੀ ਨੇ ਹੁਣ ਅਗਲਾ ਬਚਨ ਕੀਤਾ। ਕਹਿਣ ਲੱਗੇ ਕਿ ਮਾਣ ਨੂੰ ਛੱਡ ਦੇ :

***ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ***

ਕਾਮ ਨੂੰ ਤਿਆਗ ਦੇ ਸੱਜਣਾ, ਕਰੋਧ ਦੀ ਸੰਗਤ ਤੋਂ ਦੂਰ ਰਹਿ ਤੇ ਜਿਹੜੇ ਦੁਰਜਨ ਭੈੜੇ ਲੋਕ ਹਨ, ਉਹ ਪਰਮਾਤਮਾ ਤੋਂ ਤੋੜਨ ਵਾਲੇ ਸਾਕਤ ਹਨ। ਜੇ ਕਿਸੇ ਮੰਜ਼ਿਲ 'ਤੇ ਪਹੁੰਚਣਾ ਹੈ ਤਾਂ ਉਨ੍ਹਾਂ ਦੀ ਸੰਗਤ ਤੋਂ ਛੁਟਕਾਰਾ ਕਰਾ ਲੈ।

***ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ***
***ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥***

***(ਅੰਗ ੨੧੯)***

ਹੁਣ ਅਗਲਾ ਬਚਨ ਕੀਤਾ :

***ਸੁਖੁ ਦੁਖੁ ਦੋਨੋ ਸਮ ਕਰਿ ਜਾਨੈ***

ਜੇ ਤੇਰੇ 'ਤੇ ਦੁਨੀਆਂ ਦਾ ਦੁਖ ਆ ਗਿਆ ਤਾਂ ਇਹਦੇ ਨਾਲ ਤੈਨੂੰ ਪਰਮਾਤਮਾ ਨੇ ਸੁੱਖ ਵੀ ਦੇ ਦਿੱਤਾ। ਸੁੱਖ ਵਿੱਚ ਤੇ ਦੁਖ ਵਿੱਚ ਆਪਣੀ ਬਿਰਤੀ ਨੂੰ ਇੱਕ ਸਮਾਨ ਟਿਕਾਅ ਕੇ ਰੱਖੀਂ।

***ਅਉਰੁ ਮਾਨੁ ਅਪਮਾਨਾ ॥***
***ਹਰਖ ਸੋਗ ਤੇ ਰਹੈ ਅਤੀਤਾ***
***ਤਿਨਿ ਜਗਿ ਤਤੁ ਪਛਾਨਾ ॥੧॥***

***(ਅੰਗ ੨੧੯)***

ਦੁਖ ਨੂੰ ਤੇ ਸੁੱਖ ਨੂੰ, ਖੁਸ਼ੀ ਨੂੰ ਤੇ ਗਮੀ ਨੂੰ, ਹਰਖ ਨੂੰ ਤੇ ਸੋਗ ਨੂੰ ਇੱਕ ਬਰਾਬਰ ਜਾਣੋ। ਉਸ ਬੰਦੇ ਨੇ, ਉਸ ਅਤੀਤ ਪੁਰਸ਼ ਨੇ, ਜਗਤ ਦੇ ਤੱਤ ਨੂੰ ਪਹਿਚਾਣ ਲਿਆ ਹੈ।

❑❑❑

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪੰਦਰ੍ਹਵਾਂ ਭਾਗ- ਧੰਨ ਧੰਨ ਬੀਬੀ ਰਾਣੀ ਮੈਣੀ ਜੀ

## ਪਟਨਾ ਸਾਹਿਬ ਤੋਂ ਜਾਣ ਵੇਲੇ ਬਾਲਾ ਪ੍ਰੀਤਮ ਜੀ ਨੇ ਰਾਣੀ ਮੈਣੀ ਜੀ ਨੂੰ ਕਿਹੜੀਆਂ ਤਿੰਨ ਚੀਜ਼ਾਂ ਦਿੱਤੀਆਂ?

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪੰਦਰ੍ਹਵਾਂ ਭਾਗ- ਧੰਨ ਧੰਨ ਰਾਣੀ ਮੈਣੀ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

---

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਸਿਰ ਤੇ ਹੱਥ ਰੱਖ ਕੇ ਇਸ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ:

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਯਤਨ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੇ ਜੀਵਨ ਵਿੱਚੋਂ ਉਨ੍ਹਾਂ ਦੇ ਅਸੂਲਾਂ ਦੀਆਂ ਘਟਨਾਵਾਂ, ਪ੍ਰੇਮਾ ਭਗਤੀ ਦੀਆਂ ਘਟਨਾਵਾਂ, ਮਰਿਆਦਾ ਦੀਆਂ ਘਟਨਾਵਾਂ ਵਾਹਿਗੁਰੂ ਜੀ ਆਪ ਤਰਸ ਕਰਕੇ ਸਾਂਝੀਆਂ ਕਰਵਾਉਣ।

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ,

ਨੌਂਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਤੇ ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ) ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਪੰਦਰ੍ਹਵੇਂ ਭਾਗ ਦੀ ਵਾਰੀ ਹੈ। ਅੱਜ ਅਸੀਂ ਜਿਨ੍ਹਾਂ ਦੇ ਦਰਸ਼ਨ ਕਰਨੇ ਹਨ, ਉਨ੍ਹਾਂ ਦਾ ਨਾਂ ਹੈ:

***ਧੰਨ ਧੰਨ ਬੀਬੀ ਰਾਣੀ ਮੈਣੀ ਜੀ।***

ਕਿਵੇਂ ਲਗਨ ਲੱਗੀ? ਉਨ੍ਹਾਂ ਦਾ ਕਿਹੋ ਜਿਹਾ ਪਿਆਰ ਸੀ ਬਾਲਾ ਪ੍ਰੀਤਮ ਜੀ ਨਾਲ? ਰਾਣੀ ਮੈਣੀ ਜੀ, ਅੱਜ ਉਸ ਬੀਬੀ ਜੀ ਦੇ ਜੀਵਨ ਦੇ ਦਰਸ਼ਨ ਕਰਨਾ ਜੀ। ਇੱਕ ਵਾਰੀ ਸਾਰੇ ਪਿਆਰ ਨਾਲ ਪੜ੍ਹੋ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***

***(ਅੰਗ ੪੭੩)***

ਗੰਗਾ ਦਾ ਕਿਨਾਰਾ ਹੈ। ਉਸ ਗੰਗਾ ਦੇ ਕਿਨਾਰੇ ਇੱਕ ਨਗਰ ਵਸਦਾ ਹੈ ਜਿਸ ਨਗਰ ਨੂੰ ਬੜਾ ਵੱਡਾ ਮਾਣ ਪ੍ਰਾਪਤ ਹੈ। ਕਿਹੜਾ ਮਾਣ ਪ੍ਰਾਪਤ ਹੈ? ਉਸ ਨਗਰ ਵਿੱਚ ਆਪ ਉਸ ਪਰਮੇਸ਼ਰ ਨੇ ਅਵਤਾਰ ਲਿਆ ਹੈ, ਸ੍ਰੀ ਪਟਨਾ ਸਾਹਿਬ। ਉਸ ਨਗਰ ਨੂੰ ਮਾਣ ਹੈ। ਆਪ ਅੱਲਾ ਪਰਮੇਸ਼ਰ ਦਾ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਰੂਪ ਵਿੱਚ ਆਗਮਨ ਹੋਇਆ। ਗੰਗਾ ਦਾ ਕਿਨਾਰਾ ਤੇ ਉਸ ਦੇ ਕਿਨਾਰੇ ਨਗਰ ਹੈ, ਪਟਨਾ ਸਾਹਿਬ। ਸਮਾਂ ਕਿਹੜਾ ਹੈ? ਅੰਮ੍ਰਿਤ ਵੇਲਾ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਗੰਗਾ ਦੇ ਘਾਟ ਦੀਆਂ ਪੌੜੀਆਂ। ਤੇ ਇਨ੍ਹਾਂ ਪੌੜੀਆਂ ਤੇ ਅੰਮ੍ਰਿਤ ਵੇਲੇ ਇਕੱਲਾ ਇਕਾਂਤ ਵਿੱਚ ਕੋਈ ਬੈਠਾ ਹੈ, ਕੌਣ ਬੈਠਾ ਹੈ? ਪੰਡਿਤ ਸ਼ਿਵ ਦੱਤ ਜੀ। ਅੰਮ੍ਰਿਤ ਵੇਲੇ ਦਾ ਸਮਾਂ ਹੈ। ਗੰਗਾ ਦਾ ਕਿਨਾਰਾ ਹੈ। ਘਾਟ ਦੀਆਂ ਪੌੜੀਆਂ ਦੇ ਕੋਲ ਚੌਂਕੜਾ ਮਾਰਿਆ ਹੈ ਤੇ ਪੰਡਿਤ ਸ਼ਿਵ ਦੱਤ ਜੀ ਇਕੱਲੇ ਕਿਸ ਦੇ ਧਿਆਨ ਵਿੱਚ ਬੈਠੇ ਹਨ? ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਕਹਿੰਦੇ, ਬਾਲਾ ਪ੍ਰੀਤਮ ਦੇ ਪ੍ਰੇਮ ਵਿੱਚ ਪ੍ਰੇਮ ਦਾ ਰਸ ਲੈ ਰਿਹਾ ਹੈ, ਅੰਮ੍ਰਿਤ ਵੇਲੇ। ਨੇਤਰ ਬੰਦ ਹਨ। ਭਾਈ ਵੀਰ ਸਿੰਘ ਜੀ ਨੇ ਅੱਗੇ ਪੰਕਤੀਆਂ ਦਿੱਤੀਆਂ ਹਨ। ਦਾਸ ਦਾ ਚਿੱਤ ਕਰਦਾ ਹੈ ਕਿ ਗੁਰਬਾਣੀ ਵਿੱਚੋਂ ਉਸ ਸਮੇਂ ਦੀ ਮੋਹਰ ਲਗਾ ਲਈਏ ਕਿ ਉਹ ਟਾਈਮ, ਜਗ੍ਹਾ, ਕਿਸ ਦੇ ਧਿਆਨ ਵਿੱਚ ਬੈਠੇ ਹਨ, ਪੰਡਿਤ ਸ਼ਿਵ ਦੱਤ ਜੀ। ਗੁਰਬਾਣੀ ਅਨੁਸਾਰ ਇਹੋ ਜਿਹਾ ਸਮਾਂ ਬਣਿਆ ਪਿਆ ਹੈ:

***ਭਿੰਨੀ ਰੈਨੜੀਐ ਚਾਮਕਨਿ ਤਾਰੇ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥***

***(ਅੰਗ ੪੫੯)***

ਦਾਸ ਦੀ ਵੀ ਅਰਦਾਸ ਕਰਿਓ, ਆਪਣੀ ਵੀ ਅਰਦਾਸ ਕਰਿਓ, ਇਹੋ ਜਿਹੇ ਚੌਂਕੜੇ ਸਾਡੀ ਜ਼ਿੰਦਗੀ ਵਿੱਚ ਵੀ ਆਉਣ। ਇੱਕ ਪੰਡਿਤ ਸ਼ਿਵ ਦੱਤ, ਬਾਲਾ ਪ੍ਰੀਤਮ ਜੀ ਦਾ ਧਿਆਨ ਧਰ ਕੇ, ਉਨ੍ਹਾਂ ਦੇ ਪ੍ਰੇਮ ਵਿੱਚ ਅੰਮ੍ਰਿਤ ਵੇਲੇ ਜੁੜਿਆ ਪਿਆ ਹੈ, ਰੰਗਿਆ ਪਿਆ ਹੈ। ਅਰਦਾਸ ਕਰੋ, ਸੱਚੇ ਪਾਤਸ਼ਾਹ ਜੀ, ਸਾਡੀ ਵਾਰੀ ਕਦੋਂ ਆਵੇਗੀ? ਜਿਹੜਾ ਹੁਣ ਯੁੱਗ ਜਾ ਰਿਹਾ ਹੈ, ਇਸ ਮੌਕੇ। ਪਹਿਲੇ ਨਾਲੋਂ ਹੁਣ ਜਿਹੜਾ ਸਮਾਂ ਜਾ ਰਿਹਾ ਹੈ, ਅੰਮ੍ਰਿਤ ਵੇਲੇ ਦੋ-ਢਾਈ ਘੰਟੇ ਸੰਭਾਲੇ ਜਾਣ ਤੇ ਬਹੁਤ ਹੀ ਵਧੀਆ ਹੈ? ਕਿਉਂ ਵਧੀਆ ਹੈ? ਦਾਸ ਨੇ ਨੋਟ ਕੀਤਾ ਹੈ ਕਿ ਦਿਨੇ ਮੋਬਾਇਲ ਭਗਤੀ ਨਹੀਂ ਕਰਨ ਦਿੰਦਾ। ਅਸੀਂ ਕਹੀਏ ਕਿ ਦਿਨ ਚੜ੍ਹੇ ਤੇ ਭਗਤੀ ਕਰੀਏ ਤੇ ਤੁਹਾਡੇ ਵਿੱਚੋਂ ਕਈਆਂ ਦੇ ਦਸ ਵਜੇ ਤੋਂ ਬਾਅਦ ਮੋਬਾਇਲ ਵਜਣੇ ਸ਼ੁਰੂ ਹੋ ਜਾਂਦੇ ਹਨ। ਫਿਰ ਸਾਹ ਹੀ ਨਹੀਂ ਲੈਣ ਦਿੰਦੇ। ਕਈਆਂ ਦੇ ਨੌਂ ਵਜੇ ਤੋਂ

ਬਾਅਦ ਮੋਬਾਇਲ ਵਜਣੇ ਸ਼ੁਰੂ ਹੋ ਜਾਂਦੇ ਹਨ। ਕਈਆਂ ਦੇ ਸਾਢੇ ਅੱਠ ਦੇ ਬਾਅਦ, ਰੁਟੀਨ ਹੈ। ਨਾ ਚੁੱਕੋ ਤੇ ਤਾਂ ਵੀ ਨਹੀਂ ਗੱਲ ਬਣਦੀ। ਪਹਿਲਾਂ ਨਹੀਂ ਸੀ ਤੇ ਤਾਂ ਵੀ ਚਲਦਾ ਸੀ। ਮੰਨ ਲਓ ਕੋਈ ਬੰਦਾ ਲੇਟ ਹੋ ਵੀ ਗਿਆ ਹੈ ਤੇ ਆਪਣੀ ਫਿਰ ਵੀ ਹਾਜ਼ਰੀ ਲਗਾ ਲੈਂਦਾ ਸੀ। ਟਿਕਾਓ ਵਿੱਚ। ਹੁਣ ਸਮਾਂ ਇਹੋ ਜਿਹਾ ਬਣ ਗਿਆ ਹੈ। ਮੋਬਾਇਲ ਦੇ ਫਾਇਦੇ ਵੀ ਹਨ ਤੇ ਨੁਕਸਾਨ ਵੀ ਹਨ।

ਦਾਸ ਜਲੰਧਰ ਕੀਰਤਨ ਕਰਨ ਗਿਆ। ਮਨ ਵਿੱਚ ਹੁੰਦਾ ਹੈ, ਸਵਾ ਘੰਟਾ ਲੱਗਣਾ ਹੈ, ਅੰਮ੍ਰਿਤਸਰ ਤੋਂ ਗੱਡੀ ਵਿੱਚ ਬੈਠੇ ਹਾਂ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਿਰਪਾ ਕਰਨ, ਤੇਰ੍ਹਾਂ ਕੁ ਪਾਠ ਜਪੁਜੀ ਸਾਹਿਬ ਦੀ ਰਾਹ ਵਿੱਚ ਸੇਵਾ ਲੈ ਲੈਣ ਪਰ ਫਲਾਣੇ ਦਾ ਮੋਬਾਇਲ ਆਇਆ ਹੈ, ਸੁਣੋ। ਉਸਨੂੰ ਸੁਣਦੇ ਪਏ ਹਾਂ। ਅਜੇ ਗੱਲ ਮੁਕੀ ਨਹੀਂ। ਦੂਜੇ ਦਾ ਆ ਗਿਆ ਹੈ। ਸੁਣੋ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ। ਕਿਧਰੇ 17 ਮਿੰਟ ਗੱਲ ਹੋ ਰਹੀ ਹੈ, ਕਿਧਰੇ 9 ਮਿੰਟ ਗੱਲ ਹੋ ਰਹੀ ਹੈ, ਕਿਧਰੇ 22 ਮਿੰਟ ਗੱਲ ਹੋ ਰਹੀ ਹੈ। ਜਦੋਂ ਬੋਰਡ ਵੇਖੀਦਾ ਹੈ, ਕਰਤਾਰਪੁਰ ਟੱਪ ਗਿਆ ਹੈ, ਜਲੰਧਰ ਆਉਣ ਵਾਲਾ ਹੈ। ਫਿਰ ਮਨ ਵਿੱਚ ਆਉਂਦਾ ਹੈ, ਸੋਚਿਆ ਸੀ, ਰਾਹ ਵਿੱਚ ਜਪੁਜੀ ਸਾਹਿਬ ਦੇ ਪਾਠਾਂ ਦੀ ਹਾਜ਼ਰੀ ਲੱਗ ਜਾਵੇ ਪਰ ਇਸ ਮੋਬਾਇਲ ਨੇ 9-9 ਮਿੰਟ, 17-17 ਮਿੰਟ ਕਰਕੇ ਜਪੁਜੀ ਸਾਹਿਬ ਦੇ ਪਾਠਾਂ ਦਾ ਸਮਾਂ ਖੋਹ ਲਿਆ ਹੈ। ਅਖਬਾਰ ਵਿੱਚ ਵੀ ਦਾਸ ਨੇ ਇੱਕ ਵਾਰ ਪੜ੍ਹਿਆ ਸੀ ਕਿ 73% ਬੱਚੇ ਜਿਹੜੇ ਹਨ, ਸੱਤ-ਅੱਠ ਸਾਲ ਤੋਂ ਵੀ ਛੋਟੇ, ਉਹ ਵੀ ਮੋਬਾਇਲ ਦੇ ਇਹੋ ਜਿਹੇ ਦੀਵਾਨੇ ਹੋ ਰਹੇ ਹਨ ਕਿ ਸਾਧ ਸੰਗਤ ਜੀ, ਆਉਣ ਵਾਲਾ ਸਮਾਂ ਪਤਾ ਨਹੀਂ ਕਿਹੋ ਜਿਹਾ ਹੋਵੇਗਾ।

ਕਈ ਘਰਾਂ ਵਿੱਚ ਦੇਖੀਦਾ ਹੈ ਡੇਢ-ਡੇਢ ਸਾਲ ਦੇ ਬੱਚੇ ਹਾਲੇ, ਦੋਵੇਂ ਹੱਥ ਜ਼ਮੀਨ ਤੇ ਹਨ ਤੇ ਲੰਮੇ ਪੈ ਕੇ ਹੀ ਮੋਬਾਇਲ ਤੇ ਗੇਮ ਲਗਾ ਲੈਂਦੇ ਹਨ ਤੇ ਮਾਂ ਅਵਾਜ਼ਾਂ ਮਾਰਦੀ ਰਹਿੰਦੀ ਹੈ, ਦੁੱਧ ਪੀ ਲੈ। ਡੇਢ-ਡੇਢ ਘੰਟਾ ਡੇਢ ਸਾਲ ਦਾ ਬੱਚਾ ਮੋਬਾਇਲ ਤੇ ਗੇਮਾਂ ਖੇਡ ਰਿਹਾ ਹੈ। ਕੀ ਬਣੇਗਾ? ਤੁਸੀਂ ਵੇਖ ਲਓ, ਆਪਣੇ ਘਰ। ਇਸ ਦੇ ਫਾਇਦੇ ਵੀ ਹਨ, ਨੁਕਸਾਨ ਵੀ ਹਨ। ਇਸ ਕਰਕੇ ਜੇ ਅੰਮ੍ਰਿਤ ਵੇਲੇ ਜੁੜ ਜਾਈਏ ਤੇ ਲਾਹਾ ਹੈ ਕਿਉਂਕਿ ਅੰਮ੍ਰਿਤ ਵੇਲੇ ਮੋਬਾਇਲ ਤੇ ਸੰਕੋਚ ਰਹਿੰਦਾ ਹੈ ਜਾਂ ਘੱਟ ਆਉਂਦੇ ਹਨ। ਜੇ ਅੰਮ੍ਰਿਤ ਵੇਲੇ ਦੋ-ਢਾਈ ਘੰਟੇ ਦੀ ਇਕਾਗਰਤਾ ਵਿੱਚ ਤੁਹਾਡੀ ਬੈਟਰੀ ਚਾਰਜ ਹੋ ਜਾਵੇ, ਉਹ ਸਮਾਂ ਸੰਭਾਲਿਆ ਜਾਵੇ ਤੇ ਦਾਸ ਸਮਝਦਾ ਹੈ ਕਿ ਅੱਜ ਦੇ ਸਮੇਂ ਵਿੱਚ ਇਹ ਬਹੁਤ ਜ਼ਿਆਦਾ ਜ਼ਰੂਰੀ ਹੋ ਗਿਆ ਹੈ। ਦਿਨੇ ਫਿਰ ਖਿੰਡੀ-ਪੁੰਡੀ ਭਗਤੀ ਹੁੰਦੀ ਹੈ। ਉਸ ਦਾ ਰਸ ਨਹੀਂ ਬਣਦਾ ਜੋ ਅੰਮ੍ਰਿਤ ਵੇਲੇ ਬਣਦਾ ਹੈ। ਨਾ ਅਟੈਂਡ ਕਰੋ ਤੇ ਕੀ ਕਰੋਗੇ? ਰਿਸ਼ਤੇਦਾਰ ਦਾ ਮੋਬਾਇਲ ਆਇਆ ਹੈ ਤੇ ਅਟੈਂਡ ਕਰਨਾ ਪੈਣਾ ਹੈ। ਸੰਗਤ ਦੇ ਪ੍ਰੇਮੀ ਦਾ ਮੋਬਾਇਲ ਆਇਆ ਹੈ ਤੇ ਅਟੈਂਡ ਕਰਨਾ ਪੈਣਾ ਹੈ। ਇਸ ਕਰਕੇ ਅਰਦਾਸ ਕਰੋ, ਦਾਸ ਦੀ ਵੀ, ਆਪਣੀ ਵੀ, ਦਿਨੇ ਵੀ ਸਾਡੀ ਇਕਾਗਰਤਾ ਬਣੇ, ਦਿਨੇ ਵੀ ਤੁਹਾਡਾ ਰਸ ਬਣਿਆ ਰਵ੍ਹੇ ਪਰ ਯੁੱਗ ਇਨ੍ਹਾਂ ਚੀਜ਼ਾਂ ਦਾ ਆ ਗਿਆ ਹੈ ਜਿਹੜੇ ਅੰਮ੍ਰਿਤ ਵੇਲੇ ਦੇ ਦੋ-ਢਾਈ ਘੰਟੇ ਹਨ, ਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਇਸ ਫੁਲਵਾੜੀ ਦੀ ਝੋਲੀ ਵਿੱਚ ਵੀ ਇਹ ਦਾਤਾਂ ਪਾ ਦਿਓ।

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥***

*(ਅੰਗ ੪੫੯)*

***ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥***
***ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥***

***ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥***
***ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥***
***ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥***
***(ਅੰਗ ੨)***

ਇਹ ਪੰਡਿਤ ਸ਼ਿਵ ਦੱਤ ਜੀ, ਇਨ੍ਹਾਂ ਨੇ ਅੰਮ੍ਰਿਤ ਵੇਲਾ ਸੰਭਾਲਿਆ ਹੋਇਆ ਹੈ। ਜੁੜੇ ਕਿੱਥੇ ਹਨ? ਬਾਲਾ ਪ੍ਰੀਤਮ ਜੀ ਦੇ ਪ੍ਰੇਮ ਵਿੱਚ ਰਸੇ ਪਏ ਹਨ। ਇੱਥੋਂ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਅੱਖਾਂ ਬੰਦ ਹਨ। ਉੱਥੇ ਕੌਣ ਆਇਆ ਹੈ? ਅੱਜ ਜਿਸ ਬੀਬੀ ਜੀ ਦਾ ਜ਼ਿਕਰ ਕਰਨਾ ਹੈ। ਰਾਜਾ ਫਤਹਿ ਚੰਦ ਜੀ, ਉਸ ਦੀ ਰਾਣੀ ਮੈਣੀ ਜੀ, ਇਸ ਦਾ ਦੂਜਾ ਨਾਂ ਲਿਖਿਆ ਹੈ, ਮੈਣੀ ਆਣੀ। ਮੈਣੀ ਹੋ ਸਕਦਾ ਹੈ, ਕਾਸਟ ਹੋਵੇ। ਰਾਜਾ ਫਤਹਿ ਚੰਦ ਮੈਣੀ ਤੇ ਰਾਣੀ ਮੈਣੀ ਆਣੀ ਪਰ ਇਨ੍ਹਾਂ ਦਾ ਜ਼ਿਆਦਾ ਨਾਂ ਰਾਣੀ ਮੈਣੀ ਹੀ ਵਜਦਾ ਹੈ। ਇਹ ਦੋਵੇਂ ਆਏ ਹਨ, ਰਾਜਾ ਫਤਹਿ ਚੰਦ ਜੀ ਤੇ ਰਾਣੀ ਮੈਣੀ ਜੀ। ਲਿਖਿਆ ਹੈ, ਲਾਚੀਆਂ ਦਾ ਪਰਸ਼ਾਦ ਹੈ। ਤੇ ਜਦੋਂ ਆ ਕੇ ਬੈਠੇ ਤੇ ਵੇਖਿਆ ਕਿ ਪੰਡਿਤ ਸ਼ਿਵ ਦੱਤ ਜੀ ਦੀ ਬਿਰਤੀ ਲੱਗੀ ਪਈ ਹੈ। ਇਨ੍ਹਾਂ ਨੇ ਲਾਚੀਆਂ ਦਾ ਪਰਸ਼ਾਦ ਰੱਖ ਕੇ ਤੇ ਮੱਥਾ ਟੇਕ ਕੇ ਬੈਠ ਗਏ। ਜਦੋਂ ਅੱਖਾਂ ਖੋਲ੍ਹਣਗੇ ਤੇ ਅੱਜ ਕੋਈ ਕੰਮ ਹੈ, ਇਨ੍ਹਾਂ ਨਾਲ। ਪੰਡਿਤ ਸ਼ਿਵ ਦੱਤ ਜੀ ਨੇ ਕੁਝ ਸਮੇਂ ਬਾਅਦ ਅੱਖਾਂ ਖੋਲ੍ਹੀਆਂ, ਨੇਤਰ ਖੋਲ੍ਹੇ ਤੇ ਇਨ੍ਹਾਂ ਨੇ ਡੰਡਓਤ ਕੀਤੀ ਤੇ ਦੋਵਾਂ ਨੇ ਕੀ ਆਖਿਆ? ਰਾਜਾ ਫਤਹਿ ਚੰਦ ਜੀ ਤੇ ਰਾਣੀ ਮੈਣੀ ਜੀ ਨੇ। ਤੁਸੀਂ ਪੰਡਿਤ ਹੋ। ਅੱਗੇ ਲਿਖਿਆ ਹੈ, ਈਸ਼ਵਰ ਪਰਾਇਣ ਹੋ। ਸਾਡੇ ਸੰਤਾਨ ਨਹੀਂ ਹੈ। ਇਹ ਦੋਵੇਂ ਕਹਿੰਦੇ, ਸਾਡੇ ਸੰਤਾਨ ਨਹੀਂ ਹੈ। ਸਾਨੂੰ ਪਤਾ ਲੱਗਾ ਹੈ ਕਿ ਤੁਹਾਡੀ ਅਸੀਸ ਨਾਲ ਕਈਆਂ ਨੂੰ ਪੁੱਤਰ ਮਿਲੇ ਹਨ। ਰਾਣੀ ਮੈਣੀ ਜੀ ਤੇ ਰਾਜਾ ਫਤਹਿ ਚੰਦ ਜੀ ਕਹਿੰਦੇ ਹਨ, ਤੁਹਾਡੀ ਅਸੀਸ ਨਾਲ ਕਈਆਂ ਨੂੰ ਪੁੱਤਰ ਮਿਲੇ ਹਨ। ਸਾਡੇ ਸੰਤਾਨ ਨਹੀਂ। ਸਾਡੇ ਤੇ ਕਿਰਪਾ ਕਰਨਾ। ਗੁੱਸਾ ਨਾ ਕਰਨਾ। ਅੱਜ ਦਾ ਕੋਈ ਨਕਲੀ ਬਾਬਾ ਹੁੰਦਾ ਤੇ ਸਾਧ ਸੰਗਤ ਜੀ, ਕਈ ਕੁਝ ਹੋ ਜਾਣਾ ਸੀ। ਇਹ ਵੀ ਲੈ ਆਓ, ਇਹ ਵੀ ਲੈ ਆਓ। ਇੱਥੇ ਆ ਕੇ ਸਿਰ ਝੁਕਦਾ ਹੈ। ਪੰਡਿਤ ਸ਼ਿਵ ਦੱਤ ਜੀ ਦੇ ਮੁੱਖ ਵਿੱਚੋਂ ਕੀ ਬਚਨ ਨਿਕਲੇ, ਦੋਵਾਂ ਜੀਆਂ ਨੂੰ ਕਹਿਣ ਲੱਗੇ ਕਿ ਤੁਹਾਨੂੰ ਗਲਤ ਖਬਰ ਮਿਲੀ ਹੈ। ਉਹ ਕਹਿਣ ਲੱਗੇ, ਸਾਨੂੰ ਪਤਾ ਲੱਗਾ ਹੈ ਕਿ ਤੁਹਾਡੀ ਅਸੀਸ ਨਾਲ ਕਈਆਂ ਦੇ ਪੁੱਤਰ ਹੋਏ ਹਨ। ਸਾਡੇ ਵੀ ਸੰਤਾਨ ਨਹੀਂ ਤੇ ਪੰਡਿਤ ਸ਼ਿਵ ਦੱਤ ਜੀ ਨੇ ਕੀ ਆਖਿਆ, ਇਹ ਸੱਚਾਈ ਹੈ ਕਿ ਤੁਹਾਨੂੰ ਗਲਤ ਖ਼ਬਰ ਮਿਲੀ ਹੈ। ਐਸੀ ਕੋਈ ਗੱਲ ਨਹੀਂ, ਮੈਂ ਕਿਸੇ ਨੂੰ ਪੁੱਤਰ ਦਿੱਤਾ ਹੋਵੇ। ਤੁਹਾਨੂੰ ਗਲਤ ਖਬਰ ਮਿਲੀ ਹੈ। ਉਹ ਅੱਗੋਂ ਕੀ ਕਹਿਣ ਲੱਗੇ, ਜਿਸ ਟਾਹਣ ਨੂੰ ਫਲ ਲੱਗ ਜਾਣ, ਉਹ ਝੁਕ ਜਾਂਦਾ ਹੈ। ਇਹ ਤੁਹਾਡੀ ਗਰੀਬ ਨਿਵਾਜੀ ਹੈ, ਤੁਸੀਂ ਵਡਿਆਈ ਆਪਣੇ ਤੇ ਨਹੀਂ ਲੈ ਰਹੇ, ਝੁਕੇ ਹੋਏ ਹੋ। ਪੰਡਿਤ ਸ਼ਿਵ ਦੱਤ ਜੀ ਕਹਿਣ ਲੱਗੇ, ਨਹੀਂ। ਮੈਂ ਕਿਸੇ ਨੂੰ ਪੁੱਤਰ ਨਹੀਂ ਦਿੱਤਾ। ਮੇਰੇ ਕਰਕੇ ਕਿਸੇ ਨੂੰ ਪੁੱਤਰ ਨਹੀਂ ਮਿਲਿਆ। ਇੱਕ ਗੱਲ ਸੱਚ ਹੈ। ਜੇ ਕਿਸੇ ਨੂੰ ਪੁੱਤਰ ਮਿਲਿਆ ਹੈ, ਖੁਸ਼ੀ ਮਿਲੀ ਹੈ, ਇਹ ਸਾਰਾ ਕੁਝ ਉਸ ਈਸ਼ਵਰ ਦਾ ਰੂਪ, ਬਾਲਾ ਪ੍ਰੀਤਮ ਜੀ ਆਪ ਕਰ ਰਹੇ ਹਨ। ਧਿਆਨ ਦੇਣਾ। ਮੈਂ ਨਹੀਂ ਦਿੱਤਾ ਤੇ ਜੇ ਕਿਸੇ ਨੂੰ ਮਿਲੇ ਹਨ ਤਾਂ ਉਹ ਈਸ਼ਵਰ ਰੂਪ ਬਾਲਾ ਪ੍ਰੀਤਮ ਜੀ ਆਪ ਕਰ ਰਹੇ ਹਨ। ਉਹ ਈਸ਼ਵਰ ਬਾਲਾ ਪ੍ਰੀਤਮ ਜੀ ਦੇ ਰੂਪ ਵਿੱਚ ਧਰਤੀ ਤੇ ਆਪ ਆਇਆ ਹੈ। ਆਪ ਸਾਰੇ ਚੋਜ ਕਰ ਰਹੇ ਹਨ। ਹੁਣ ਇੱਥੇ ਆ ਕੇ ਸਿਰ ਝੁਕੇਗਾ। ਪੰਡਿਤ ਸ਼ਿਵ ਦੱਤ ਜੀ ਕਹਿਣ ਲੱਗੇ ਕਿ ਮੈਂ ਉਸ ਪ੍ਰੀਤਮ ਦੇ ਪਰਤਾਵੇ ਲਏ ਹਨ ਤੇ ਜਦੋਂ ਮੈਂ ਪਰਤਾਵਾ ਲਿਆ ਹੈ ਕਿ ਮੈਨੂੰ ਰਾਮ ਜੀ ਦੇ ਰੂਪ ਵਿੱਚ ਦਰਸ਼ਨ ਦਿਓ ਤੇ ਬਾਲਾ ਪ੍ਰੀਤਮ ਜੀ ਨੇ ਰਾਮ ਦੇ ਰੂਪ ਵਿੱਚ ਦਰਸ਼ਨ ਦਿੱਤੇ।

ਭਾਈ ਵੀਰ ਸਿੰਘ ਜੀ ਨੇ ਬੁੱਧ ਨਾਮ ਵੀ

ਲਿਖਿਆ ਹੈ ਕਿ ਜੇ ਮੈਂ ਕਿਹਾ ਕਿ ਬੁੱਧ ਦੇ ਰੂਪ ਵਿੱਚ ਦਰਸ਼ਨ ਦਿਓ ਤੇ ਉਨ੍ਹਾਂ ਨੇ ਬੁੱਧ ਦੇ ਰੂਪ ਵਿੱਚ ਵੀ ਦਰਸ਼ਨ ਦੇ ਦਿੱਤੇ। ਅੱਗੋਂ ਪੰਡਿਤ ਸ਼ਿਵ ਦੱਤ ਜੀ ਕਹਿੰਦੇ ਹਨ, ਮੈਂ ਹੁਣ ਸਾਰੇ ਪਰਤਾਵੇ ਲੈ ਚੁੱਕਿਆ ਹਾਂ। ਜੇ ਕਿਸੇ ਨੂੰ ਸੰਤਾਨ ਮਿਲੀ ਹੈ, ਉਹ ਬਾਲਾ ਪ੍ਰੀਤਮ ਜੀ ਦੀ ਪਾਵਨ ਰਸਨਾ ਦੀ ਕਿਰਪਾ ਨਾਲ ਮਿਲੀ ਹੈ। ਮੈਂ ਤਾਂ ਆਪ ਹੀ ਅੱਠੇ ਪਹਿਰ ਹੁਣ ਉਸ ਬਾਲਾ ਪ੍ਰੀਤਮ ਜੀ ਦਾ ਦੀਵਾਨਾ ਹੋ ਗਿਆ ਹਾਂ। ਹੁਣ ਤਾਂ ਮੈਂ ਆਪ ਅੱਠੇ ਪਹਿਰ, ਵੇਖ ਲਓ, ਕਈ ਕਹਿੰਦੇ ਹਨ ਕਿ ਸਰਗੁਣ ਭਗਤੀ ਨਾ ਕਰੋ। ਪੰਡਿਤ ਸ਼ਿਵ ਦੱਤ ਜੀ ਕਹਿੰਦੇ, ਮੈਂ ਆਪ ਅੱਠੇ ਪਹਿਰ ਉਸ ਸੁੰਦਰ ਮੂਰਤ ਦੀ ਛਵੀ ਅੱਖਾਂ ਵਿੱਚ, ਹਿਰਦੇ ਵਿੱਚ ਵਸਾਈ ਰੱਖਦਾ ਹਾਂ। ਹੁਣ ਤੁਹਾਡਾ ਸਿਰ ਝੁਕੇਗਾ। ਪੰਡਿਤ ਸ਼ਿਵ ਦੱਤ ਜੀ, ਰਾਜਾ ਫਤਹਿ ਚੰਦ ਜੀ ਤੇ ਰਾਣੀ ਮੈਣੀ ਜੀ ਨੂੰ ਕੀ ਕਹਿੰਦੇ ਹਨ, ਹੁਣ ਤਾਂ ਬਾਲਾ ਪ੍ਰੀਤਮ ਜੀ ਹੀ ਮੇਰੀ ਸਮਾਧੀ ਹਨ, ਬਾਲਾ ਪ੍ਰੀਤਮ ਹੀ ਮੇਰਾ ਤਪ ਹਨ, ਬਾਲਾ ਪ੍ਰੀਤਮ ਹੀ ਮੇਰੀ ਠਾਕੁਰ ਪੂਜਾ ਹਨ। ਸਾਰਾ ਕੁਝ ਹੀ ਮੇਰਾ ਬਾਲਾ ਪ੍ਰੀਤਮ ਬਣ ਚੁੱਕੇ ਹਨ। ਇਹ ਹੈ, ਮਨ ਵੇਚਣਾ। ਇਹ ਹੈ, ਪਿਆਰ। ਜਿੱਥੇ ਭਟਕਣਾ ਹੈ, ਫਿਰ ਦੂਰੀ ਹੈ। ਤੁਹਾਡਾ ਵੀ ਨਿਤਨੇਮ, ਸਿਮਰਨ, ਗੁਰਬਾਣੀ, ਸੇਵਾ ਇਸ ਤਰ੍ਹਾਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਮਰਪਿਤ ਹੋ ਜਾਵੇ। ਬਾਲਾ ਪ੍ਰੀਤਮ ਜੀ ਦੇ ਗੁਣ ਗਾਉਣੇ ਹੀ ਮੇਰੀ ਸਮਾਧੀ ਹੈ। ਹੁਣ ਬਾਲਾ ਪ੍ਰੀਤਮ ਜੀ ਦੇ ਰਸ ਵਿੱਚ ਰਹਿਣਾ ਹੀ ਮੇਰੀ ਠਾਕੁਰ ਪੂਜਾ ਹੈ। ਬਾਲਾ ਪ੍ਰੀਤਮ ਜੀ ਦੇ ਰਸ ਵਿੱਚ ਰਹਿਣਾ ਹੀ ਮੇਰਾ ਤਪ ਹੈ।

***ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥***
***ਗੁਰੂ ਬਿਨਾ ਮੈ ਨਾਹੀ ਹੋਰ ॥***

*(ਅੰਗ ੮੬੪)*

ਤੁਸੀਂ ਵੀ ਇੰਝ ਦੀਵਾਨੇ ਹੋ ਜਾਓ।

***ਲੰਘ ਗਿਆ ਗੁਰੂ ਕਲਗੀਆਂ ਵਾਲਾ***
***ਮੇਰੀਆਂ ਅੱਖੀਆਂ ਅੱਗੋਂ ਸਹੀਓ।***
***ਜਾਨੀ ਪਿੱਛੇ ਜਾਨ ਅਸਾਡੀ ਨੈਣਾਂ ਰਸਤੇ ਗਹੀਓ।***

*(ਭਾਈ ਨੰਦ ਲਾਲ ਜੀ)*

ਵੇਖੋ, ਆਪਣੇ ਨਾਲ ਨਹੀਂ ਜੋੜਿਆ। ਰਾਜਾ ਆਇਆ ਹੋਵੇ, ਰਾਣੀ ਆਈ ਹੋਵੇ। ਬੰਦਾ ਕਹਿੰਦਾ ਹੈ ਕਿ ਮੈਂ ਬਿਜ਼ਨਸ ਚਲਾਵਾਂ। ਮਰਜ਼ੀ ਦੀਆਂ ਭੇਟਾ ਲਵਾਂ। ਕਹਿਣ ਲੱਗੇ, ਗਲਤ ਖਬਰ ਮਿਲੀ ਹੈ। ਮੈਂ ਪੁੱਤਰ ਨਹੀਂ ਦਿੱਤਾ। ਮੈਂ ਤਾਂ ਆਪ ਉਸ ਬਾਲਾ ਪ੍ਰੀਤਮ ਜੀ ਦਾ ਦੀਵਾਨਾ ਹਾਂ। ਜਿਸ ਰੂਪ ਵਿੱਚ ਮੈਂ ਕਿਹਾ, ਪਰਤਾਵਾ ਕੀਤਾ ਹੈ, ਦਰਸ਼ਨ ਦਿਓ। ਉਨ੍ਹਾਂ ਕਿਰਪਾ ਕੀਤੀ ਦਰਸ਼ਨ ਦਿੱਤੇ ਹੁਣ ਤਾਂ ਉਹੀ ਮੇਰੀ ਠਾਕੁਰ ਪੂਜਾ ਹੈ। ਤੁਸੀਂ ਵੀ ਉਸ ਦੀ ਸ਼ਰਨ ਲਵੋ। ਧਿਆਨ ਦੇਣਾ। ਪੰਡਿਤ ਸ਼ਿਵ ਦੱਤ ਜੀ ਕਹਿੰਦੇ ਹਨ, ਰਾਣੀ ਮੈਣੀ ਜੀ ਨੂੰ ਤੇ ਰਾਜਾ ਫਤਹਿ ਚੰਦ ਜੀ ਨੂੰ, ਤੁਸੀਂ ਵੀ ਉਨ੍ਹਾਂ ਦੀ ਸ਼ਰਨ ਲਓ। ਪੁੱਤਰ ਇੱਕ ਪਾਸੇ ਰਿਹਾ, ਤੁਹਾਡਾ ਲੋਕ-ਪਰਲੋਕ ਵੀ ਸੰਵਰ ਜਾਵੇਗਾ। ਉਨ੍ਹਾਂ ਦੀ ਸ਼ਰਨ ਲਵੋ। ਰਾਣੀ ਮੈਣੀ ਜੀ ਤੇ ਰਾਜਾ ਫਤਹਿ ਚੰਦ ਜੀ, ਦੋਵੇਂ ਕਹਿੰਦੇ ਹਨ, ਕਿੱਥੇ ਮਿਲਣਗੇ ਬਾਲਾ ਪ੍ਰੀਤਮ ਜੀ? ਅੱਗੋਂ ਪੰਡਿਤ ਸ਼ਿਵ ਦੱਤ ਜੀ ਕਹਿੰਦੇ ਹਨ, ਮੈਂ ਰਾਹ ਦਿੱਤਾ ਹੈ। ਮੈਂ ਸਿਰਫ ਰਾਹ ਦਿੱਤਾ ਹੈ। ਘਰ ਬੈਠ ਕੇ ਦਿਨ-ਰਾਤ ਉਨ੍ਹਾਂ ਨੂੰ ਧਿਆਵੋ। ਤੁਹਾਨੂੰ ਲੱਭਣ ਦੀ ਲੋੜ ਨਹੀਂ। ਬਾਲਾ ਪ੍ਰੀਤਮ ਜੀ ਤੁਹਾਡੇ ਘਰ ਚੱਲ ਕੇ ਆਉਣਗੇ। ਉਹ ਅੰਤਰਜਾਮੀ ਹਨ। ਉਹ ਬਾਲਾ ਪ੍ਰੀਤਮ ਕੌਣ ਹਨ :

***ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥***
***ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥***
***ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥***
***ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥***
***ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥***
***ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥***

*(ਅੰਗ ੧੩੯੦)*

ਮੈਂ ਰਾਹ ਦਿੱਤਾ। ਘਰ ਬੈਠ ਕੇ ਬਾਲਾ ਪ੍ਰੀਤਮ ਜੀ ਦੇ ਚਰਨਾਂ ਦਾ ਧਿਆਨ ਧਰੋ। ਲੱਭਣ ਦੀ ਲੋੜ ਨਹੀਂ। ਉਹ ਘਰ ਚੱਲ ਕੇ ਆਉਣਗੇ। ਸੰਗਤ ਜੀ, ਇਸ ਨੂੰ ਕਹਿੰਦੇ ਹਨ:

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।***

ਵੇਖੋ, ਬੈਟਰੀ ਚਾਰਜ ਕਰ ਦਿੱਤੀ। ਸੱਚ ਨਾਲ ਜੋੜ ਦਿੱਤਾ। ਉਹ ਦੋਵੇਂ ਜੀਅ ਘਰ ਗਏ। ਧਿਆਉਂਦੇ ਹਨ। ਪੁਕਾਰਾਂ ਕਰਦੇ ਹਨ। ਗਰੀਬ ਨਿਵਾਜ, ਕਦੋਂ ਕਿਰਪਾ ਹੋਵੇਗੀ। ਜਗਤ ਨਾਥ ਦਰਸ਼ਨ ਦਿਓ। ਮੈਨੂੰ ਨਿਮਾਣੀ ਨੂੰ ਦਰਸ਼ਨ ਦਿਓ। ਮੇਰੀ ਪੈਜ ਰੱਖੋ। ਦੋਵੇਂ ਜੀਅ ਕਹਿ ਰਹੇ ਹਨ, ਬਾਲਾ ਪ੍ਰੀਤਮ ਜੀ, ਸਾਡਾ ਫਰਜ਼ ਤਾਂ ਬਣਦਾ ਸੀ, ਅਸੀਂ ਆਪ ਆ ਕੇ ਤੁਹਾਡੇ ਦਰਸ਼ਨ ਕਰੀਏ ਪਰ ਸਾਨੂੰ ਰਾਹ ਇਹੋ ਜਿਹਾ ਦੇ ਦਿੱਤਾ ਗਿਆ ਕਿ ਬਾਲਾ ਪ੍ਰੀਤਮ ਜੀ, ਸਾਨੂੰ ਮਾਫੀ ਦੇ ਦੇਣੀ। ਤੁਹਾਨੂੰ ਘਰ ਬੁਲਾਉਣ ਦੀ ਖੇਚਲ ਦੇ ਰਹੇ ਹਾਂ। ਸਾਨੂੰ ਦਰਸ਼ਨ ਦਿਓ। ਭਾਈ ਵੀਰ ਸਿੰਘ ਜੀ ਦੀ ਇੱਕ ਕਵਿਤਾ ਦੀ ਪਿਆਰ ਵਾਲੀ ਲਾਈਨ ਪੜ੍ਹ ਲਓ :

***ਆ ਮਿਲ ਕਲਗੀ ਵਾਲਿਆ, ਦਿਲ ਤੈਨੂੰ ਚਾਂਹਵਦਾ।***

ਕਲਗੀਧਰ ਪਿਤਾ ਜੀ ਬਾਅਦ ਵਿੱਚ ਬਣੇ ਹਨ। ਆਪਾਂ ਇੱਥੇ ਜੋ ਮੌਕਾ ਚੱਲ ਰਿਹਾ ਹੈ, ਉਹ ਹੀ ਲਈਏ।

***ਆ ਮਿਲ ਬਾਲਾ ਪ੍ਰੀਤਮ ਜੀ, ਦਿਲ ਤੈਨੂੰ ਚਾਂਹਵਦਾ।***
***ਮੇਰੀਆਂ ਅੱਖੀਆਂ ਪਈਆਂ ਤਰਸਦੀਆਂ, ਨਹੀਂ ਹੋਰ ਭਾਂਵਦਾ।***

ਰਾਜਾ ਫਤਹਿ ਚੰਦ ਜੀ ਆ ਕੇ ਪੁੱਛਦੇ ਹਨ, ਰਾਣੀ ਮੈਣੀ ਜੀ ਨੂੰ, ਆਏ ਹਨ, ਬਾਲਾ ਪ੍ਰੀਤਮ ਜੀ। ਕਹਿਣ ਲੱਗੇ, ਹਾਲੇ ਨਹੀਂ। ਰਾਜਾ ਫਤਹਿ ਚੰਦ ਜੀ ਕਹਿਣ ਲੱਗੇ, ਮੇਰੀ ਇੱਕ ਰਾਏ ਹੈ। ਰਾਣੀ ਮੈਣੀ ਜੀ ਕਹਿੰਦੇ ਹਨ, ਕੀ? ਕਹਿੰਦੇ ਸਾਡੇ ਬਾਲਾ ਪ੍ਰੀਤਮ ਜੀ ਨੂੰ ਯਾਦ ਕਰਨ ਵਿੱਚ ਮਤਲਬ ਹੈ। ਜ਼ਰਾ ਧਿਆਨ ਦੇਣਾ। ਜਿੱਥੇ ਮਤਲਬ ਹੋਵੇ, ਥੋੜ੍ਹੀ ਭਗਤੀ ਫਿੱਕੀ ਹੁੰਦੀ ਹੈ। ਸਾਡਾ ਬਾਲਾ ਪ੍ਰੀਤਮ ਜੀ ਨੂੰ ਯਾਦ ਕਰਨ ਵਿੱਚ ਕੁਝ ਮਤਲਬ ਹੈ ਕਿ ਪੁੱਤਰ ਮਿਲੇ। ਕਹਿਣ ਲੱਗਾ, ਰਾਣੀ ਮੈਣੀ ਜੀ, ਆਪਾਂ ਹੁਣ ਪੁੱਤਰ ਤੋਂ ਥੋੜ੍ਹਾ ਉੱਪਰ ਉਠੀਏ। ਉਸ ਨੂੰ ਮੰਗੀਏ। ਕਹਿਣ ਲੱਗੀ, ਗੱਲ ਤਾਂ ਤੁਸੀਂ ਸਹੀ ਕਹੀ ਹੈ। ਸਾਡੇ ਬੁਲਾਉਣ ਵਿੱਚ ਮੰਗ ਹੈ। ਹੁਣ ਇਸ ਤੋਂ ਉੱਤੇ ਉੱਠ ਕੇ ਉਸ ਨੂੰ ਮੰਗੀਏ। ਕਹਿੰਦੇ ਕਿ ਐਸੀ ਲਿਵ ਲੱਗੀ, ਐਸੀ ਤਾਂਘ ਬਣੀ, ਉਹ ਦਰਸ਼ਨਾਂ ਦੀ, ਬੇਨਤੀਆਂ ਦੀ :

***ਘਟ ਘਟ ਕੇ ਅੰਤਰ ਕੀ ਜਾਨਤ ॥***
*(ਸ੍ਰੀ ਚੌਪਈ ਸਾਹਿਬ)*

ਇਹ ਲਿਖਿਆ ਹੈ ਕਿ ਬਾਲਾ ਪ੍ਰੀਤਮ ਜੀ ਦੇ ਪਿਆਰ ਵਿੱਚ ਰਾਣੀ ਮੈਣੀ ਜੀ ਦੇ ਨੇਤਰ ਬੰਦ ਹੋ ਗਏ, ਬਿਰਤੀ ਜੁੜ ਗਈ। ਇਹੋ ਜਿਹੀ ਬਿਰਤੀ ਜੁੜੀ ਕਿ ਉਨ੍ਹਾਂ ਦੇ ਵਿਹੜੇ ਵਿੱਚ ਕੌਣ ਆਇਆ ਹੈ, ਪਤਾ ਹੀ ਨਹੀਂ। ਬਾਲਕ ਰੌਲਾ ਪਾ ਰਹੇ ਹਨ, ਪਤਾ ਹੀ ਨਹੀਂ। ਖੜਾਕ ਹੋ ਰਿਹਾ ਹੈ, ਉਸ ਨੂੰ ਪਤਾ ਹੀ ਨਹੀਂ। ਬਾਲਾ ਪ੍ਰੀਤਮ ਜੀ ਆ ਗਏ ਹਨ, ਉਸ ਨੂੰ ਹਾਲੇ ਪਤਾ ਹੀ ਨਹੀਂ। ਇੰਨੀ ਲਿਵ ਲੱਗੀ ਪਈ ਹੈ, ਇਹੋ ਜਿਹਾ ਹਿਸਾਬ ਬਣ ਗਿਆ, ਬਾਲਾ ਪ੍ਰੀਤਮ ਜੀ ਉਸ ਦੀ ਝੋਲੀ ਵਿੱਚ ਆ ਕੇ ਬੈਠ ਗਏ। ਝੋਲੀ ਵਿੱਚ ਬੈਠ ਕੇ ਬਹੁਤ ਪਿਆਰ ਨਾਲ ਕਹਿਣ ਲੱਗੇ :

***ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।***

ਸਾਡੇ ਆਪ ਰੱਬ ਦਾ ਰੂਪ ਬਾਲਾ ਪ੍ਰੀਤਮ ਜੀ ਝੋਲੀ ਵਿੱਚ ਬੈਠ ਗਏ। ਇੱਕ ਕਲੰਡਰਾਂ ਵਿੱਚ ਤੁਸੀਂ ਫੋਟੋ ਵੇਖਦੇ ਹੋ ਕਿ ਬਾਲਾ ਪ੍ਰੀਤਮ ਜੀ ਰਾਣੀ ਮੈਣੀ ਜੀ ਦੀ ਗੋਦੀ ਵਿੱਚ ਬੈਠੇ ਹਨ ਤੇ ਗਲੇ ਥਾਣੀਂ ਗਲਵਕੜੀ ਪਾਈ ਹੋਈ ਹੈ। ਕਹਿਣ ਲੱਗੇ, ਮਾਂ, ਹੁਣ ਨੇਤਰ ਨਹੀਂ ਖੋਲ੍ਹਦੀ। ਕਹਿਣ ਲੱਗੀ, ਇਹ ਕੌਣ ਆ ਗਿਆ ਹੈ ਜਿਸ ਨੇ ਮੈਨੂੰ ਮਾਂ ਕਿਹਾ ਹੈ। ਅੱਖਾਂ ਖੋਲ੍ਹੀਆਂ ਤੇ ਹੈਰਾਨ। ਬਾਲਾ ਪ੍ਰੀਤਮ ਜੀ ਅਤੇ ਉਨ੍ਹਾਂ

ਦੀ ਫੌਜ, ਸਾਥੀ, ਬਾਲਕ, ਸਭ ਵਿਹੜੇ ਵਿੱਚ ਤੇ ਆਪ ਬਾਲਾ ਪ੍ਰੀਤਮ ਜੀ ਝੋਲੀ ਵਿੱਚ ਬੈਠੇ ਹਨ। ਗੱਲ ਬੜੀ ਵਧੀਆ ਹੈ। ਅੱਜ ਇਸ ਬੀਬੀ ਦਾ ਜ਼ਿਕਰ ਕਿਉਂ ਲਿਆ ਹੈ? ਝੋਲੀ ਵਿੱਚ ਬੈਠ ਕੇ ਬਾਲਾ ਪ੍ਰੀਤਮ ਜੀ ਕਹਿੰਦੇ ਹਨ, ਲੋਕਾਂ ਨੂੰ ਮੈਂ ਪੁੱਤਰ ਦਿੰਦਾ ਹਾਂ ਪਰ ਤੈਨੂੰ ਮੈਂ ਪੁੱਤਰ ਨਹੀਂ ਦੇਣਾ, ਤੈਨੂੰ ਮੈਂ ਆਪਣਾ ਆਪ ਦਿੱਤਾ। ਤੂੰ ਮੇਰੀ ਮਾਂ। ਮੈਂ ਤੇਰਾ ਪੁੱਤਰ। ਕੀ ਹੁਣ ਵੀ ਚਾਹੀਦਾ ਹੈ ਪੁੱਤਰ? ਕਿੰਨਾ ਵੱਡਾ ਦਰਜਾ ਮਿਲਿਆ। ਰਾਣੀ ਮੈਣੀ ਜੀ ਨੂੰ ਮਹਾਰਾਜ ਜੀ ਨੇ ਮਾਂ ਕਿਹਾ ਤੇ ਰਾਣੀ ਮੈਣੀ ਜੀ ਦੀਆਂ ਅੱਖਾਂ ਵਿੱਚ ਨੀਰ ਆ ਗਿਆ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਹੁਣ ਬਾਲਾ ਪ੍ਰੀਤਮ ਜੀ ਆਪਣੇ ਬਾਲਕ ਸੁਭਾਅ ਵਿੱਚ ਆ ਗਏ। ਪਹਿਲਾਂ ਦਰਗਾਹੀ ਗੱਲ ਹੋ ਗਈ। ਹੁਣ ਬਾਲਕ ਸੁਭਾਅ ਵਿੱਚ ਆ ਕੇ ਕਹਿੰਦੇ, ਕਿੰਨਾ ਚਿਰ ਹੋ ਗਿਆ ਹੈ, ਗੋਦੀ ਵਿੱਚ ਬੈਠਿਆਂ, ਭੁੱਖ ਲੱਗੀ ਹੈ, ਖੁਆਓ ਕੁਝ। ਮੇਰੀ ਫੌਜ ਨੂੰ ਵੀ ਭੁੱਖ ਲੱਗੀ ਹੈ, ਮੈਨੂੰ ਵੀ ਭੁੱਖ ਲੱਗੀ ਹੈ, ਖੁਆਓ ਕੁਝ। ਕਹਿੰਦੇ, ਰਾਣੀ ਮੈਣੀ ਜੀ ਨੇ ਨੌਕਰਾਂ ਨੂੰ ਅਵਾਜ਼ ਦਿੱਤੀ, ਜਲਦੀ ਜਾ ਕੇ ਮਠਿਆਈਆਂ ਲਿਆਓ। ਬਾਲਾ ਪ੍ਰੀਤਮ ਜੀ ਕਹਿੰਦੇ, ਮਠਿਆਈ ਨਹੀਂ ਛੱਕਣੀ। ਜਿਹੜੇ ਤਲੇ ਹੋਏ ਚਨੇ ਤੇ ਦੁੱਧ ਦੀ ਪੂੜੀ ਬਣਾ ਕੇ ਅੰਦਰ ਰੱਖੀ ਹੈ, ਮਾਂ ਉਹ ਛੱਕਣੇ ਹਨ। ਤਲੇ ਹੋਏ ਚਨੇ ਤੇ ਦੁੱਧ ਦੀਆਂ ਪੂੜੀਆਂ। ਇੱਕ ਵਾਰੀ ਪਿਆਰ ਨਾਲ ਪੜ੍ਹੋ, ਕਿਹੋ ਜਿਹਾ ਸਮਾਂ ਹੋਵੇਗਾ। ਤਲੇ ਹੋਏ ਚਨੇ ਤੇ ਦੁੱਧ ਦੀਆਂ ਪੂੜੀਆਂ। ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਆਸਣ ਵਿਛਾ ਕੇ ਤੇ ਉਨ੍ਹਾਂ ਦੀ ਫੌਜ ਨੂੰ ਵੀ ਆਸਣ ਵਿਛਾ ਕੇ ਹਾਜ਼ਰੀ ਲਗਾ ਰਹੇ ਹਨ:

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥***

*(ਤ੍ਵ ਪ੍ਰਸਾਦਿ ਸਵੱਯੇ)*

ਇਹੋ ਜਿਹਾ ਪ੍ਰੇਮ ਹੋ ਗਿਆ, ਬਾਲਾ ਪ੍ਰੀਤਮ ਜੀ ਨੇ ਰੋਜ਼ ਸ਼ਾਮੀਂ ਇੱਥੇ ਆਉਣਾ ਤੇ ਤਲੇ ਹੋਏ ਚਨੇ ਤੇ ਦੁੱਧ ਦੀਆਂ ਪੂੜੀਆਂ ਛੱਕਣੀਆਂ। ਇੱਥੋਂ ਤੱਕ ਲਿਖਿਆ ਹੈ, ਇਤਿਹਾਸ ਵਿੱਚ ਕਿ ਜਿਸ ਦਿਨ ਬਾਲਾ ਪ੍ਰੀਤਮ ਜੀ ਨਹੀਂ ਸੀ ਆਉਂਦੇ, ਰਾਜਾ ਫਤਹਿ ਚੰਦ ਜੀ ਤੇ ਰਾਣੀ ਮੈਣੀ ਜੀ ਲੋਕ ਲਾਜ ਤਿਆਗ ਕੇ ਦਰਸ਼ਨ ਕਰਨ ਆਪ ਚਲੇ ਜਾਂਦੇ ਸੀ। ਹੁਣ ਇੱਥੇ ਆ ਕੇ ਹੈਰਾਨ ਹੋਵੋਗੇ, ਬਾਲਾ ਪ੍ਰੀਤਮ ਜੀ ਨੇ ਰੋਜ਼ ਆਉਣਾ ਤੇ ਇਨ੍ਹਾਂ ਦੇ ਘਰ ਆ ਕੇ ਬੂਟੇ ਲਗਾਉਣੇ। ਕਲਮਾਂ ਲਗਾਉਣੀਆਂ। ਕੋਈ ਬੂਟਾ ਪੁੱਟ ਦੇਣਾ, ਕੋਈ ਨਵਾਂ ਲਗਾ ਦੇਣਾ। ਸਾਡੇ ਬਾਬਾ ਜੀ ਨੂੰ ਬੂਟਿਆਂ ਦਾ ਵੀ ਸ਼ੌਕ ਹੈ ਤੇ ਕਹਿੰਦੇ ਕਿ ਇੱਕ ਕਰੋਂਦੇ ਦਾ ਬੂਟਾ ਅੱਜ ਵੀ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਹੱਥਾਂ ਦਾ ਲੱਗਾ ਹੋਇਆ ਮੌਜੂਦ, ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਜਿਹੜਾ ਸਾਰਾ ਸਾਲ ਫਲਦਾ ਹੈ। ਅੱਜ ਵੀ ਉੱਥੇ ਮੌਜੂਦ ਹੈ ਜਿਹੜਾ ਮਹਾਰਾਜ ਜੀ ਨੇ ਆਪ ਲਗਾਇਆ। ਇਹ ਹੁਣ ਉਮਰ ਹੈ, ਪੰਜ ਕੁ ਸਾਲ ਜਿਸ ਉਮਰ ਦੇ ਆਪ ਜੀ ਹੁਣ ਦਰਸ਼ਨ ਕਰ ਰਹੇ ਹੋ। ਜਦੋਂ ਉਮਰ ਹੋ ਗਈ, 9 ਸਾਲ ਦੇ ਕਰੀਬ ਤੇ ਉਧਰੋਂ ਸੁਨੇਹਾ ਆ ਗਿਆ, ਸ੍ਰੀ ਅਨੰਦਪੁਰ ਸਾਹਿਬ ਆ ਜਾਓ। ਹੁਣ ਸੁਨੇਹਾ ਆ ਗਿਆ ਕਿ ਉੱਧਰ ਜਾਣਾ ਹੈ। ਇਹ ਰੋ ਪਏ, ਰਾਣੀ ਮੈਣੀ ਜੀ ਕਿ ਮੈਨੂੰ ਦਰਸ਼ਨ ਕਿਵੇਂ ਹੋਣਗੇ? ਵੈਰਾਗ ਵਿੱਚ ਰੋ ਪਈ। ਹੁਣ ਬੜੇ ਧਿਆਨ ਨਾਲ ਸੁਣਨਾ। ਜਦੋਂ ਵੈਰਾਗ ਕੀਤਾ ਤੇ ਬਾਲਾ ਪ੍ਰੀਤਮ ਜੀ ਪੁੱਛਦੇ ਹਨ ਕਿ ਵੈਰਾਗ ਕਿਉਂ ਕਰ ਰਹੇ ਹੋ? ਅੱਗੋਂ ਕੀ ਆਖਿਆ? ਗਿਆਨ ਵੀ ਤੁਹਾਡੀ ਕਿਰਪਾ ਨਾਲ ਮੇਰੇ ਕੋਲ ਆ ਗਿਆ ਹੈ, ਧਿਆਨ ਵੀ ਆ ਗਿਆ ਹੈ, ਸਿਮਰਨ ਵੀ ਆ ਗਿਆ ਹੈ। ਗਿਆਨ ਵੀ ਹੈ, ਧਿਆਨ ਵੀ ਹੈ, ਸਿਮਰਨ ਵੀ ਹੈ ਪਰ ਜਿਹੜੇ ਪ੍ਰਤੱਖ ਦਰਸ਼ਨ ਹੁੰਦੇ ਹਨ, ਇਹ ਕਿਵੇਂ ਹੋਣਗੇ? ਜਿਹੜੀਆਂ ਪੂੜੀਆਂ ਤੇ

ਛੋਲੇ ਛਕਾਉਂਦੀ ਹਾਂ, ਉਹ ਕਿਵੇਂ ਛਕਾਵਾਂਗੀ? ਸੰਗਤ ਜੀ, ਧਿਆਨ ਦੇਣਾ। ਬਾਲਾ ਪ੍ਰੀਤਮ ਜੀ ਨੇ ਆਪਣੀ ਇੱਕ ਕਟਾਰ, ਇੱਕ ਕਿਰਪਾਨ ਤੇ ਇੱਕ ਪੁਸ਼ਾਕ ਰਾਣੀ ਮੈਣੀ ਜੀ ਦੀ ਝੋਲੀ ਵਿੱਚ ਪਾਈ ਤੇ ਕੀ ਆਖਿਆ, ਇਸ ਦਾ ਆਸਣ ਲਗਾਈਂ। ਗਿਆਨ ਵੀ, ਧਿਆਨ ਵੀ, ਸਿਮਰਨ ਵੀ ਇਨ੍ਹਾਂ ਦੀ ਹਾਜ਼ਰੀ ਰੱਖੀਂ। ਜਦੋਂ ਕਿਤੇ ਪ੍ਰਤੱਖ ਇੰਞ ਦਰਸ਼ਨਾਂ ਨੂੰ ਚਿੱਤ ਕਰੇ, ਕਟਾਰ, ਕਿਰਪਾਨ, ਪੁਸ਼ਾਕ ਦਿੰਦੇ ਹਾਂ, ਜਦੋਂ ਇਨ੍ਹਾਂ ਦੇ ਦਰਸ਼ਨ ਕਰੇਂਗੀ, ਝਲਕਾਰੇ ਪੈਣਗੇ। ਜਦੋਂ ਫਿਰ ਮੈਨੂੰ ਚਿੱਤ ਕਰੇ, ਤਲੇ ਹੋਏ ਚਨੇ ਤੇ ਪੂੜੀਆਂ ਖੁਆਉਣ ਤੇ, ਬਾਲਾ ਪ੍ਰੀਤਮ ਜੀ ਕਹਿੰਦੇ, ਪਿਆਰ ਵਾਲੀਆਂ ਸੰਗਤਾਂ ਨੂੰ ਸਿਮਰਨ ਕਰਦਿਆਂ ਹੋਇਆ ਛਕਾਈਂ, ਮੈਂ ਵਿੱਚ ਛਕਦਿਆਂ ਦਰਸ਼ਨ ਦਿਆਂਗਾ। ਥੋੜ੍ਹਾ ਜਿਹਾ ਜ਼ਿਕਰ ਹੋਰ ਹੈ। ਕੀ-ਕੀ ਬਖਸ਼ਿਆ, ਇਸ ਬੀਬੀ ਨੂੰ। ਆਓ ਇੱਕ ਵਾਰ ਪਿਆਰ ਨਾਲ ਪੜ੍ਹੋ ਸਾਰੇ:

***ਸਾਚੁ ਕਹੋਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥***
***(ਤ੍ਵ ਪ੍ਰਸਾਦਿ ਸਵੱਯੇ)***

ਬਾਰ੍ਹਾਂ ਸਾਲ ਲੰਘ ਗਏ। ਸ੍ਰੀ ਅਨੰਦਪੁਰ ਸਾਹਿਬ ਆਉਣ ਤੋਂ ਬਾਅਦ 12 ਸਾਲ ਲੰਘ ਗਏ। ਮਨ ਬਣਿਆ। ਇਧਰ 12 ਸਾਲ ਲੰਘ ਗਏ ਹਨ ਤੇ ਉਧਰ ਬਾਲਾ ਪ੍ਰੀਤਮ ਜੀ ਗੁਰਿਆਈ ਮਿਲਣ ਤੋਂ ਬਾਅਦ ਕਲਗੀਧਰ ਪਿਤਾ ਜੀ ਗੁਰੂ ਬਣ ਗਏ ਹਨ। ਹੁਣ ਬਾਜਾਂ ਵਾਲੇ ਬਣ ਗਏ ਹਨ। ਹੁਣ ਬਾਲਾ ਪ੍ਰੀਤਮ ਜੀ, ਸਤਿਗੁਰੂ ਜੀ ਬਣ ਗਏ ਹਨ। ਰਾਣੀ ਮੈਣੀ ਜੀ ਤੇ ਰਾਜਾ ਫਤਹਿ ਚੰਦ ਜੀ ਦੇ ਮਨ ਵਿੱਚ ਆਇਆ, ਜਿਹੜਾ ਬਾਲਾ ਪ੍ਰੀਤਮ ਜੀ ਕਲਗੀਧਰ ਪਿਤਾ ਜੀ ਬਣ ਗਏ ਹਨ, ਹੁਣ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਚੱਲੀਏ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ 12 ਤੋਂ 14 ਸਾਲ ਦਾ ਸਮਾਂ ਲੰਘ ਚੁੱਕਾ ਹੈ। ਇਸ ਦੇ ਕਰੀਬ। ਜਦੋਂ ਜਾਣ ਦਾ ਮਨ ਬਣਾਇਆ ਤੇ ਸੰਗਤ ਵੀ ਨਾਲ ਤਿਆਰ ਹੋ ਗਈ। ਅਸੀਂ ਵੀ ਜਾਣਾ ਹੈ, ਕਲਗੀਧਰ ਪਿਤਾ ਜੀ ਦੇ ਦਰਸ਼ਨ ਕਰਨ। ਜਦੋਂ ਮਨ ਬਣਾਇਆ, ਸੰਗਤ ਤਿਆਰ ਹੋ ਗਈ ਤੇ ਪੰਡਿਤ ਸ਼ਿਵ ਦੱਤ ਜੀ ਕਹਿੰਦੇ ਹਨ, ਸੰਗਤ ਜੀ ਵੈਸੇ ਤਾਂ ਸਰੀਰ ਮੇਰਾ ਬਿਰਧ ਹੋ ਗਿਆ ਹੈ ਪਰ ਜੇ ਪਰਉਪਕਾਰ ਕਰੋ, ਮੈਨੂੰ ਵੀ ਆਪਣੇ ਨਾਲ ਲੈ ਜਾਓ। ਲਿਖਿਆ ਹੈ ਕਿ ਪੰਡਿਤ ਸ਼ਿਵ ਦੱਤ ਜੀ ਲਈ ਹਾਥੀ ਤੇ ਪਾਲਕੀ ਬਣਾਈ। ਬਜ਼ੁਰਗ ਸੀ। ਕਿਉਂਕਿ ਤੁਸੀਂ ਸਾਨੂੰ ਜੋੜਿਆ ਹੈ, ਤੁਸੀਂ ਸਾਡੇ ਵਿਚੋਲੇ ਹੋ। ਪੰਡਿਤ ਸ਼ਿਵ ਦੱਤ ਜੀ ਨੂੰ ਵੀ ਨਾਲ ਲੈ ਲਿਆ। ਰਾਣੀ ਮੈਣੀ ਜੀ, ਰਾਜਾ ਫਤਹਿ ਚੰਦ ਜੀ ਤੇ ਨਾਲ ਸੰਗਤਾਂ, ਸ੍ਰੀ ਅਨੰਦਪੁਰ ਸਾਹਿਬ ਆ ਰਹੇ ਹਨ।

ਆਹ ਪਿਆਰ ਹੈ, ਵੇਖੋ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪਤਾ ਲੱਗਾ, ਰਾਣੀ ਮੈਣੀ ਜੀ ਜਿਨ੍ਹਾਂ ਨੂੰ ਮੈਂ ਪਿਆਰ ਨਾਲ ਮਾਂ ਕਿਹਾ ਸੀ, ਪਿਆਰ ਵਾਲੇ ਰਾਜਾ ਫਤਹਿ ਚੰਦ ਜੀ, ਪੰਡਿਤ ਸ਼ਿਵ ਦੱਤ ਜੀ ਆ ਰਹੇ ਹਨ, ਪਟਨਾ ਸਾਹਿਬ ਦੀਆਂ ਸੰਗਤਾਂ ਆ ਰਹੀਆਂ ਹਨ। ਮਹਾਰਾਜ ਜੀ ਕਹਿੰਦੇ, ਇਹ ਮੇਰੇ ਪਿਆਰ ਵਾਲੇ ਆ ਰਹੇ ਹਨ। ਇਹ ਮੇਰੇ ਦਰਸ਼ਨ ਨਾ ਕਰਨ। ਇਨ੍ਹਾਂ ਨੂੰ ਮੈਂ ਅੱਗੋਂ ਲੈਣ ਜਾਣਾ ਹੈ। ਰੋਪੜ ਲਿਖਿਆ ਹੈ, ਮਹਾਰਾਜ ਜੀ ਘੋੜੇ ਤੇ ਰੋਪੜ ਆ ਗਏ, ਅੱਗੋਂ ਲੈਣ ਲਈ। ਜਦੋਂ ਰੋਪੜ ਆ ਗਏ ਤੇ ਪਾਲਕੀ ਸੀ, ਹਾਥੀ ਤੇ। ਮਹਾਰਾਜ ਜੀ ਘੋੜੇ ਤੇ ਸੀ। ਅੱਧੇ ਘੰਟੇ ਦਾ ਸਫਰ, ਅੱਗੋਂ ਲੈਣ ਆਏ। ਇਹ ਬੜਾ ਵੱਡਾ ਸਤਿਕਾਰ ਹੁੰਦਾ ਹੈ। ਮਾਣ ਹੁੰਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਪਾਲਕੀ ਦਾ ਕੱਪੜਾ ਲਾਹਿਆ, ਕੱਪੜਾ ਲਾਹ ਕੇ ਕਹਿੰਦੇ, ਪੰਡਿਤ ਜੀ, ਝਾਅ। ਜੋ ਛੋਟੇ ਹੁੰਦਿਆਂ ਕਹਿੰਦੇ ਸੀ, ਪੰਡਿਤ ਜੀ, ਝਾਅ। ਅੱਜ 12 ਤੋਂ 14 ਸਾਲ ਬਾਅਦ ਅੱਜ ਪੰਡਿਤ ਸ਼ਿਵ ਦੱਤ ਜੀ ਨੇ ਬਾਲਾ

ਪ੍ਰੀਤਮ ਜੀ ਦੇ ਦਰਸ਼ਨ ਹੁਣ ਕਲਗੀਧਰ ਪਿਤਾ ਜੀ ਦੇ ਰੂਪ ਵਿੱਚ ਕੀਤੇ, ਬਾਜਾਂ ਵਾਲੇ ਦੇ ਰੂਪ ਵਿੱਚ ਕੀਤੇ। ਪਾਲਕੀ ਵਿੱਚ ਬੈਠੇ ਕਹਿੰਦੇ, ਸਤਿਗੁਰੂ ਜੀ, ਮੇਰੀ ਨਮਸਕਾਰ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਤੁਸੀਂ ਸਤਿਗੁਰੂ ਨਾ ਕਹੋ। ਤੁਸੀਂ ਬਾਲਾ ਪ੍ਰੀਤਮ ਹੀ ਕਹੋ। ਉਹੀ ਸੋਭਦਾ ਹੈ। ਰਾਣੀ ਮੈਣੀ ਜੀ ਵੱਖਰੀ ਪਾਲਕੀ ਵਿੱਚ ਬੈਠੇ ਸਨ। ਰਾਜਾ ਫਤਹਿ ਚੰਦ ਜੀ ਵੀ ਥੱਲੇ ਆ ਗਏ, ਦੋਵੇਂ। ਮਹਾਰਾਜ ਜੀ ਘੋੜੇ ਤੋਂ ਥੱਲੇ ਆ ਗਏ। ਰਾਣੀ ਮੈਣੀ ਜੀ ਤੇ ਰਾਜਾ ਫਤਹਿ ਚੰਦ ਜੀ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਤੇ ਸਿਰ ਰੱਖਣ ਲੱਗੇ, ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਕਲਗੀਧਰ ਪਿਤਾ ਜੀ ਨੇ ਦੋਵਾਂ ਦਾ ਮੱਥਾ ਸੰਭਾਲ ਲਿਆ, ਤੁਹਾਡਾ ਰੁਤਬਾ ਉੱਚਾ ਹੈ, ਤੁਹਾਡਾ ਰੁਤਬਾ ਵੱਡਾ ਹੈ। ਤੁਸੀਂ ਮੈਨੂੰ ਇੰਝ ਨਹੀਂ ਕਰਨਾ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੜੇ ਆਦਰ ਮਾਣ ਨਾਲ ਕਹਿੰਦੇ, ਅੱਧਾ ਮੀਲ ਦੂਰ ਸਾਡਾ ਡੇਰਾ ਹੈ, ਸਾਰਾ ਨਿਵਾਸ ਕਰਵਾਇਆ ਔਰ ਸੰਗਤ ਜੀ, ਪੰਡਿਤ ਸ਼ਿਵ ਦੱਤ ਜੀ ਪੋਹ ਸੁਦੀ ਸੱਤਵੀਂ ਵਾਲੇ ਦਿਨ ਅਖੀਰਲਾ ਸਵਾਸ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਦੇਣਾ ਕੀਤਾ ਤੇ ਹੁਣ ਰਹਿ ਗਏ, ਰਾਣੀ ਮੈਣੀ ਜੀ ਤੇ ਰਾਜਾ ਫਤਹਿ ਚੰਦ ਜੀ। ਜਿੰਨਾ ਚਿਰ ਰੁਕੇ, ਸਭ ਤੋਂ ਵੱਡੀ ਚੀਜ਼ ਇਨ੍ਹਾਂ ਦੀ ਝੋਲੀ ਵਿੱਚ ਪਾਈ। ਇੰਨਾ ਪਿਆਰ ਕੀਤਾ, ਰਾਣੀ ਮੈਣੀ ਜੀ ਨਾਲ। ਉਹ ਕੀ ਪਾਇਆ? ਉਸ ਵਿੱਚ ਵੀ ਬੜੀ ਵੱਡੀ ਸਿੱਖਿਆ ਹੈ।

***ਆ ਮਿਲ ਕਲਗੀ ਵਾਲਿਆ, ਦਿਲ ਤੈਨੂੰ ਚਾਂਹਵਦਾ।***
***ਮੇਰੀਆਂ ਅੱਖੀਆਂ ਪਈਆਂ ਤਰਸਦੀਆਂ, ਨਹੀਂ ਹੋਰ ਭਾਂਵਦਾ।***

ਇਹ ਅਸੀਂ ਕਹਿ ਰਹੇ ਹਾਂ ਕਿ ਹੇ ਕਲਗੀਧਰ ਪਿਤਾ ਜੀ, ਸਾਨੂੰ ਵੀ ਤੁਹਾਡਾ ਪਿਆਰ ਮਿਲੇ।

***ਆ ਮਿਲ ਕਲਗੀ ਵਾਲਿਆ, ਦਿਲ ਤੈਨੂੰ ਚਾਂਹਵਦਾ।***
***ਮੇਰੀਆਂ ਅੱਖੀਆਂ ਪਈਆਂ ਤਰਸਦੀਆਂ,***
***ਨਹੀਂ ਹੋਰ ਭਾਂਵਦਾ।***

ਰਾਣੀ ਮੈਣੀ ਜੀ ਨੂੰ ਇੰਨਾ ਮਾਣ ਦਿੱਤਾ। ਜਦੋਂ ਇਨ੍ਹਾਂ ਨੂੰ ਵਾਪਸ ਤੋਰਿਆ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੋਚਦੇ ਹਨ, ਇਨ੍ਹਾਂ ਨੂੰ ਮੈਂ ਮਾਂ ਕਿਹਾ ਸੀ ਤੇ ਇਨ੍ਹਾਂ ਨੂੰ ਕੀ ਦੇਵਾਂ। ਸੰਗਤ ਜੀ, ਸਭ ਤੋਂ ਵੱਡੀ ਦਾਤ ਕੀ ਦਿੱਤੀ? ਅਜੇ ਗੁਰੂ ਪਦਵੀ ਨਹੀਂ ਲੱਗੀ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ। ਇਹ ਲਿਖਿਆ ਹੈ, ਆਦਿ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸਰੂਪ ਆਪਣੇ ਦਸਤਖਤ ਕਰਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦਾ ਸਰੂਪ ਆਪਣੇ ਦਸਤਖਤ ਕਰਕੇ ਇਨ੍ਹਾਂ ਨੂੰ ਦੇਣਾ ਕੀਤਾ, ਇਹ ਸਰੂਪ ਆਦਿ ਸ੍ਰੀ ਗ੍ਰੰਥ ਜੀ ਦਾ ਅਤੇ ਨਾਲ ਚਾਰ ਪੰਜ ਬਚਨ ਕੀਤੇ। ਇਹ ਸਰੂਪ ਦੇ ਕੇ ਕੀ ਆਖਿਆ: ਇਹ ਵਿਦਤ ਸਤਿਗੁਰੂ ਹਨ। ਅਸੀਂ ਆਪਣੀ ਸਭ ਤੋਂ ਪਿਆਰੀ ਚੀਜ਼ ਤੁਹਾਨੂੰ ਦੇ ਰਹੇ ਹਾਂ। ਪਹਿਲਾ ਬਚਨ ਆਖਿਆ, ਇੱਕ ਦਿਨ ਆਉਣਾ ਹੈ, ਸਾਰੀ ਸਿੱਖੀ ਨੇ ਇਨ੍ਹਾਂ ਦੇ ਲੜ ਲੱਗਣਾ ਹੈ। ਜੋ ਤੁਹਾਨੂੰ ਅੱਜ ਦੇ ਰਹੇ ਹਾਂ। ਪਹਿਲਾ ਬਚਨ ਆਖਿਆ, ਇੱਕ ਦਿਨ ਆਉਣਾ ਹੈ, ਸਾਰੀ ਸਿੱਖੀ ਨੇ ਇਨ੍ਹਾਂ ਦੇ ਲੜ ਲੱਗਣਾ ਹੈ। ਦੂਜਾ ਬਚਨ ਕੀਤਾ, ਤੁਸੀਂ ਆਪਣੇ ਦੇਸ਼ ਜਾ ਕੇ ਹੁਣ ਤੋਂ ਹੀ ਮੈਨੂੰ ਇਨ੍ਹਾਂ ਦੇ ਰੂਪ ਵਿੱਚ ਵੇਖਿਆ ਕਰੋ। ਵੇਖ ਲਓ। ਮੈਂ ਇਸ ਦੇ ਵਿੱਚ ਹੀ ਹਾਂ। ਤੀਜਾ ਬਚਨ, ਮੇਰੀ ਜੋਤ ਨੂੰ ਇਸ ਵਿੱਚ ਹੀ ਮਿਲਿਆ ਹੋਇਆ ਵੇਖਿਆ ਕਰੋਗੇ। ਇੰਨਾ ਸਤਿਕਾਰ ਕਰਿਆ ਕਰੋ, ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ। ਮੇਰੀ ਜੋਤ ਨੂੰ ਹੀ ਇਨ੍ਹਾਂ ਵਿੱਚ ਵੇਖਣਾ ਮਿਲਿਆ ਹੋਇਆ। ਚੌਥਾ ਬਚਨ- ਇਸ ਬਾਣੀ ਰਾਹੀਂ ਰਾਣੀ ਮੈਣੀ ਜੀ, ਮੇਰੇ ਨਾਲ ਗੱਲਾਂ ਵੀ ਕਰ ਸਕਦੇ ਹੋ। ਹੁੰਦੀਆਂ ਹਨ। ਇੱਕ ਵਾਰ ਘਰ ਵਿੱਚ ਦਾਸ ਨੇ ਪ੍ਰਕਾਸ਼ ਕੀਤਾ। ਵੈਸੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਸੇਵਾ ਨੂੰਹ

ਬੇਟੀ ਕਰਦੀ ਹੈ। ਜਦੋਂ ਫਿਰ ਨੇਮ ਕਰਕੇ ਹੁਕਮਨਾਮਾ ਲਈਦਾ ਹੈ, ਦਿਨ ਦੀ ਅਗਵਾਈ ਤੇ ਅੱਜ ਹੁਕਮਨਾਮਾ ਆ ਗਿਆ :

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ ॥੧॥*

*(ਅੰਗ ੭੨੧)*

ਦਾਸ ਨੇ ਸੋਚਿਆ ਕਿ ਕਿਤੇ ਦਮ ਵਜ ਗਿਆ ਹੈ। ਮਹਾਰਾਜ ਜੀ ਕਹਿੰਦੇ ਇਹ ਤਨ ਹਉਮੈ ਨਾਲ ਰੰਗਿਆ ਪਿਆ ਹੈ। ਕੰਤ ਨੂੰ ਨਹੀਂ ਚੰਗਾ ਲੱਗ ਰਿਹਾ। ਸਾਨੂੰ ਬਾਬਾ ਜੀ ਦਾ ਇਸ਼ਾਰਾ ਹੈ, ਤਿੰਨ ਵਾਰੀ ਬੇਨਤੀ ਕਰ ਸਕਦੇ ਹਾਂ। ਦੁਬਾਰਾ ਹੁਕਮਨਾਮਾ ਲੈ ਸਕਦੇ ਹਾਂ ਕਿ ਮਹਾਰਾਜ ਜੀ, ਖੁਸ਼ੀਆਂ ਬਖਸ਼ੋ। ਫਿਰ ਜਦੋਂ ਅਰਦਾਸ ਕੀਤੀ, ਖੁਸ਼ੀਆਂ ਬਖਸ਼ੋ। ਇਹ ਤਾਂ ਕਰਮ ਨਿਕਲ ਆਏ। ਵਜ ਗਿਆ ਦਮ, ਅਨਜਾਣ ਹਾਂ।

*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ ॥੧॥*

*(ਅੰਗ ੭੨੨)*

ਉਸ ਨੂੰ ਹਉਮੈ ਵਾਲਾ ਚੋਲਾ ਨਹੀਂ ਭਾਉਂਦਾ। ਮਹਾਰਾਜ ਜੀ, ਖੁਸ਼ੀਆਂ ਬਖਸ਼ੋ। ਕਿਰਪਾ ਕਰੋ। ਜਦੋਂ ਸਾਰੇ ਅੰਗ ਇੱਕ ਪਾਸੇ ਕਰਕੇ ਫਿਰ ਹੁਕਮਨਾਮਾ ਲਿਆ। ਜਿਹੜਾ ਖੱਬੇ ਪਾਸੇ ਤੋਂ ਹੁਕਮਨਾਮਾ ਲੈਂਦੇ ਹਾਂ ਜਿਹੜਾ ਅੱਧਾ ਪਿੱਛੋਂ ਆ ਰਿਹਾ ਹੈ, ਹੁਕਮਨਾਮਾ ਆ ਗਿਆ :

*ਗੁਰੁ ਪੂਰਾ ਭੇਟਿਓ ਵਡਭਾਗੀ*
*ਮਨਹਿ ਭਇਆ ਪਰਗਾਸਾ ॥*
*ਕੋਇ ਨ ਪਹੁਚਨਹਾਰਾ ਦੂਜਾ*
*ਅਪੁਨੇ ਸਾਹਿਬ ਕਾ ਭਰਵਾਸਾ ॥੧॥*

*(ਅੰਗ ੬੦੯)*

ਹੁਣ ਜਿਵੇਂ ਅੰਦਰ ਵਿਲ ਪਾਵਰ ਆ ਜਾਂਦੀ ਹੈ, ਹੁਣ ਕਿਰਪਾ ਹੋ ਗਈ ਹੈ। ਗੁਰੂ ਸਾਹਿਬ ਨੇ ਬਖਸ਼ਸ਼ ਕਰ ਦਿੱਤੀ ਹੈ, ਕਿਰਪਾ ਕਰ ਦਿੱਤੀ ਹੈ। ਗੱਲਾਂ ਹੁੰਦੀਆਂ ਹਨ। ਗੱਲਾਂ ਕਰਦੇ ਹਨ, ਅਗਵਾਈ ਦਿੰਦੇ ਹਨ। ਇਹ ਮੇਰੇ ਮਹਾਰਾਜ ਜੀ ਨੇ ਚੌਥਾ ਬਚਨ ਕੀਤਾ, ਇਸ ਬਾਣੀ ਰਾਹੀਂ ਮੇਰੇ ਨਾਲ ਗੱਲਾਂ ਵੀ ਕਰ ਸਕਦੇ ਹੋ। ਪੰਜਵਾਂ ਬਚਨ, ਰਾਣੀ ਮੈਣੀ ਜੀ ਨੂੰ ਕਿਹਾ ਕਿ ਜੋ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਰੂਪ ਤੋਂ ਅਗਵਾਈ ਮਿਲੇ, ਉਹ ਮੇਰਾ ਹੀ ਉਪਦੇਸ਼ ਜਾਣਨਾ। ਮੈਂ ਕਹਿ ਰਿਹਾ ਹਾਂ। ਵੇਖੋ, ਸਤਿਗੁਰੂ ਜੀ, ਕਿਵੇਂ ਬਾਣੀ ਨਾਲ ਜੋੜਿਆ ਹੈ। ਜੋ ਇਹ ਕਹਿਣ, ਮੇਰਾ ਉਪਦੇਸ਼ ਜਾਣਨਾ। ਮੈਂ ਕਹਿ ਰਿਹਾ ਹਾਂ।

ਹੁਣ ਛੇਵਾਂ ਬਚਨ ਹੈ। ਇਹ ਛੇ ਬਚਨ ਹਿਰਦੇ ਤੇ ਲਿਖ ਲੈਣਾ। ਬੜਾ ਵੱਡਾ ਬਚਨ ਹੈ। ਉਹ ਕੀ? ਇਨ੍ਹਾਂ ਦੀ ਸੇਵਾ ਮੇਰੀ ਸੇਵਾ ਹੈ। ਸੰਗਤ ਜੀ, ਉਹ ਰਾਣੀ ਮੈਣੀ ਜੀ ਨੇ ਘਰ ਆ ਕੇ ਆਪਣਾ ਘਰ ਢਾਹ ਦਿੱਤਾ। ਆਹ ਹੈ ਪਿਆਰ। ਘਰ ਢਾਹ ਦਿੱਤਾ ਤੇ ਘਰ ਨੂੰ ਗੁਰਦੁਆਰਾ ਸਾਹਿਬ ਬਣਾ ਦਿੱਤਾ। ਸਰੂਪ ਪ੍ਰਕਾਸ਼ ਕਰਕੇ ਦੋਵੇਂ ਵੇਲੇ ਦੀਵਾਨ ਸ਼ੁਰੂ ਕਰ ਦਿੱਤੇ ਤੇ ਉਹ ਚਨਿਆਂ ਤੇ ਪੂੜੀਆਂ ਵਾਲਾ ਲੰਗਰ ਅਰੰਭ ਕਰ ਦਿੱਤਾ। ਜੋ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਡਿਊਟੀਆਂ ਲਗਾਈਆਂ ਹਨ, ਉਹ ਨਿਭਾਉਣੀਆਂ ਹਨ। ਸਾਰੀ ਉਮਰ ਗੁਰੂ ਦੀ ਪੂਜਾ, ਗੁਰੂ ਦਾ ਉਪਦੇਸ਼, ਰਾਣੀ ਮੈਣੀ ਜੀ ਸ੍ਰਿਸ਼ਟੀ ਨੂੰ ਵੀ ਠਾਰ੍ਹਦੀ ਹੈ। ਇਹ ਪੰਦਰ੍ਹਵਾਂ ਭਾਗ ਹੈ, ਰਾਣੀ ਮੈਣੀ ਦੇ ਜੀਵਨ ਨਾਲ ਸੰਬੰਧਿਤ ਵਿਚਾਰਾਂ ਸਤਿਗੁਰੂ ਜੀ ਨੇ ਸਾਂਝੀਆਂ ਕਰਵਾਈਆਂ ਹਨ। ਆਓ ਜੀ, ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

*—ਅਗਲੇ ਅੰਕ ਵਿੱਚ ਸੋਲ੍ਹਵਾਂ ਭਾਗ ਪੜ੍ਹੋ ਜੀ।*

## ਨੌਵੇਂ ਪਾਤਸ਼ਾਹ ਜੀ ਦੀਆਂ ਵਡਿਆਈਆਂ ਦੇ ਕੁਝ ਅੰਸ਼

1

ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਆਪਣੇ ਬਾਲਕ (ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ) ਬਾਰੇ ਕਿਹਾ ਕਰਦੇ ਸਨ, ਇਹ ਬਾਲਕ ਸੱਚਾ, ਸੰਤ, ਧਰਮ ਰੱਖਿਅਕ ਅਤੇ ਹਿੰਦਵਾਯਨ ਦਾ ਥੰਮ੍ਹ ਹੋਵੇਗਾ। ਇਹ ਅਜਰ ਨੂੰ ਜਰਨ ਵਾਲਾ, ਧੀਰਜ ਦਾ ਧੁਰੰਧਰ ਅਤੇ ਆਪਾ ਵਾਰਨ ਵਾਲਾ ਹੋਵੇਗਾ।

2

ਛੇਵੇਂ ਪਾਤਸ਼ਾਹ ਜੀ ਵਾਂਗ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸਰੀਰਕ ਨੁਹਾਰ ਵੀ ਬਹੁਤ ਸੋਹਣੀ ਸੀ। ਪਿਤਾ ਜੀ ਵਾਂਗ ਕੱਦ-ਕਾਠ ਵੱਡਾ, ਮੁੱਖ ਸੋਹਣਾ ਚੰਦਰਮਾ ਵਾਂਗ ਚਮਕਦਾ, ਬਾਹਾਂ ਲੰਮੀਆਂ, ਛਾਤੀ ਚੌੜੀ, ਨੈਣ ਵੱਡੇ ਤੇ ਲਾਲੀ ਭਾਅ ਮਾਰਦੇ ਤੇ ਜਦੋਂ ਤੁਰਦੇ ਤੇ ਬਹੁਤ ਸੋਹਣੇ ਲੱਗਦੇ। ਛਾਲ ਲੰਮੀ ਮਾਰ ਲੈਂਦੇ ਤੇ ਘੋੜਾ ਚੰਗਾ ਦੁੜਾ ਲੈਂਦੇ ਸਨ।

3

ਧੰਨ ਗੁਰੂ ਤੇਗ ਬਹਾਦਰ ਜੀ ਗਿਆਨ ਦੀ ਸਿਖਰ, ਹਿਰਦੇ ਦੀ ਗਰੀਬੀ ਦੇ ਮਾਲਕ, ਅਥਾਹ ਧੀਰਜੀ ਅਤੇ ਦਾਨੀ ਸੁਭਾਅ ਦੇ ਮਾਲਕ ਸਨ।

4

ਧੰਨ ਗੁਰੂ ਤੇਗ ਬਹਾਦਰ ਜੀ ਦੀ ਪੜ੍ਹਾਈ ਵਾਸਤੇ ਛੇਵੇਂ ਪਾਤਸ਼ਾਹ ਜੀ ਨੇ ਬਹੁਤ ਧਿਆਨ ਦਿੱਤਾ। ਅੱਖਰੀ ਵਿਦਿਆ ਭਾਈ ਗੁਰਦਾਸ ਜੀ ਤੋਂ ਦਿਵਾਈ। ਕਿਰਤ ਦੀ ਸਿਖਲਾਈ ਲਈ ਬਾਬਾ ਬੁੱਢਾ ਸਾਹਿਬ ਜੀ ਪਾਸ ਰਮਦਾਸ ਭੇਜਿਆ ਤੇ ਸ਼ਸ਼ਤਰ ਵਿਦਿਆ ਭਾਈ ਜੇਠਾ ਜੀ ਤੋਂ ਦਿਵਾਈ।

*—ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਪੁਸਤਕ ਵਿੱਚੋਂ*

5

ਧੰਨ ਗੁਰੂ ਤੇਗ ਬਹਾਦਰ ਜੀ ਨੂੰ ਵੱਡੀ ਭੈਣ ਵੀਰੋ ਜੀ ਲਾਡ ਲਡਾਂਦੀ। ਭਰਾ ਵੀ ਪਿਆਰ ਕਰਦੇ। ਕੋਈ ਚੁੱਕ ਕੇ ਖਿਡਾਉਂਦਾ, ਕੋਈ ਪੰਘੂੜੇ ਵਿੱਚ ਪਾਉਂਦਾ ਪਰ ਧੰਨ ਗੁਰੂ ਤੇਗ ਬਹਾਦਰ ਜੀ ਨਾ ਰੋਂਦੇ ਤੇ ਨਾ ਹੀ ਰੋ ਕੇ ਦੁੱਧ ਮੰਗਦੇ। ਮਾਤਾ ਨਾਨਕੀ ਜੀ ਫਿਕਰਮੰਦ ਹੁੰਦੇ ਪਰ ਛੇਵੇਂ ਪਾਤਸ਼ਾਹ ਜੀ ਬਚਨ ਕਰਦੇ, ਇਹ ਜਨਮ ਤੋਂ ਹੀ ਬ੍ਰਹਮ ਪਛਾਣ ਕੇ ਆਏ ਹਨ।

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਅੰਕ 138 ਦੇਖੋ ਜੀ :-*

**9. ਪ੍ਰ: ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਿਹੜੇ ਗੁਰੂ ਸਾਹਿਬ ਜੀ ਨੇ ਕੀਤੀ ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੇ ਪੰਨਾ 20 ਤੇ ਅੰਕਿਤ ਕੀਤਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਕੋਠਾ ਸਾਹਿਬ ਦੇ ਖੱਬੇ ਪਾਸੇ ਆਪਣਾ ਸੱਚਾ ਤਖ਼ਤ ਰਾਜ ਸਿੰਘਾਸਨ ਤਿਆਰ ਕਰਵਾਉਣ ਲਈ ਹਾੜ ਵਦੀ ਪੰਚਮੀ ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ, ਤਖ਼ਤ ਦੀ ਨੀਂਹ ਆਪਣੇ ਪਵਿੱਤਰ ਕਰ ਕਮਲਾਂ ਨਾਲ ਰੱਖੀ, ਬਾਬਾ ਬੁੱਢਾ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਵੱਲੋਂ ਇਸ ਤਖ਼ਤ ਦੀ ਉਸਾਰੀ ਦੇ ਕਾਰਜ ਕਰਵਾਏ ਗਏ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਹੈ:

***ਹਾੜ ਪੰਚਮੀ ਕੋ ਦਿਨ ਜਾਨ।***
***ਸ੍ਰੀ ਗੁਰੂ ਉਦਮ ਕੀਨ ਮਹਾਨ।***
***ਰਵਿ ਦਿਨ ਪੰਚਮ ਥਿਤ ਲਗਨ***
***ਉਤਮ ਸਮਾ ਵਿਚਾਰ।***
***ਕਰ ਅਰਦਾਸ ਸ੍ਰੀ ਸਤਿਗੁਰੂ ਪੁੰਨ ਪ੍ਰਸਾਦਿ ਵਰਤਾਇ।***
***ਪ੍ਰਿਥਮ ਨੀਂਵ ਸ੍ਰੀ ਗੁਰੁ ਰਖੀ ਅਬਚਲ ਤਖਤ ਸੁਹਾਇ।***
***ਚੌਪਈ: ਕਿਸੀ ਰਾਜ ਨਹਿ ਹਾਥ ਲਗਾਯੋ।***
***ਬੁਢਾ ਔ ਗੁਰਦਾਸ ਬਣਾਯੋ।***

26 ਹਾੜ ਸੁਦੀ ਦਸਮੀ ਸੰਮਤ 1663 ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਰਾਜ ਸਿੰਘਾਸਨ ਸਜਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਜਗਤ ਨੂੰ ਤਾਰਨ ਲਈ ਅਤੇ ਸ਼ਤਰੂਆਂ ਦਾ ਨਾਸ ਕਰਨ ਲਈ ਕੀਤੀ ਗਈ।

❑❑❑

**10.ਪ੍ਰ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਹੜੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਉਨ੍ਹਾਂ ਦੇ ਨਾਂ ਲਿਖੋ ਜੀ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ

ਹੈ ਕਿ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਇਹ ਦੋ ਕਿਰਪਾਨਾਂ ਪਹਿਨਾਈਆਂ। ਢਾਈ ਅਬਦੁਲਾ ਜੀ ਨੇ ਬੜਾ ਸੋਹਣਾ ਲਿਖਿਆ ਹੈ :

***ਦੋ ਤਲਵਾਰਾਂ ਬੱਧੀਆਂ***
***ਇੱਕ ਮੀਰੀ ਦੀ ਇੱਕ ਪੀਰੀ ਦੀ।***
***ਇੱਕ ਅਜ਼ਮਤ ਦੀ ਇੱਕ ਰਾਜ ਦੀ***
***ਇੱਕ ਰਾਖੀ ਕਰੇ ਵਜ਼ੀਰੀ ਦੀ।***

❑❑❑

**11.ਪ੍ਰ: ਉਹ ਕਿਹੜੇ ਗੁਰੂ ਸਾਹਿਬ ਹਨ ਜਿਨ੍ਹਾਂ ਨੇ ਚੇਚਕ ਦੀ ਬਿਮਾਰੀ ਫੈਲਣ ਤੇ ਰੋਗੀਆਂ ਦੀ ਸੰਭਾਲ ਕਰਦਿਆਂ ਉਨ੍ਹਾਂ ਦੇ ਦੁੱਖ ਕੱਟੇ ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਅੱਠਵੇਂ ਪਾਤਸ਼ਾਹ ਜੀ ਜਦੋਂ ਦਿੱਲੀ ਵਿੱਚ ਸਨ ਤੇ ਅੱਜ ਜਿਹੜਾ ਅਸਥਾਨ ਉੱਥੇ ਸੁਭਾਇਮਾਨ ਹੈ, ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਇੱਥੇ ਨਿਵਾਸ ਕੀਤਾ। ਉਸ ਸਮੇਂ ਦਿੱਲੀ ਵਿੱਚ ਚੇਚਕ ਅਤੇ ਹੈਜ਼ਾ ਦੀ ਬੀਮਾਰੀ ਫੈਲੀ ਹੋਈ ਸੀ। ਬਹੁਤ ਮੌਤਾਂ ਹੋ ਰਹੀਆਂ ਸਨ। ਦਿੱਲੀ ਵਾਸੀਆਂ ਨੇ ਅੱਠਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਤੇ ਫਿਰ ਆਪ ਜੀ ਨੇ ਨਾਮ ਸਿਮਰਨ ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਇੱਕ ਚੁਬੱਚੇ ਦੇ ਜਲ ਨੂੰ ਆਪਣੀ ਚਰਨ ਛੋਹ ਦੇ ਕੇ ਅਰੋਗਤਾਦਾਇਕ ਬਣਾ ਦਿੱਤਾ। ਜੋ ਵੀ ਇਸ ਚੁਬੱਚੇ ਵਿੱਚੋਂ ਜਲ ਛੱਕਦਾ, ਉਹ ਬੀਮਾਰੀ ਤੋਂ ਮੁਕਤ ਹੋ ਜਾਂਦਾ। ਅੱਜ ਵੀ ਸੰਗਤਾਂ ਇਸ ਅਸਥਾਨ ਤੋਂ ਅੰਮ੍ਰਿਤ ਦਾ ਚੂਲਾ ਲੈਂਦੀਆਂ ਹਨ ਤੇ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

***ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥***

ਦੂਸਰਾ ਭਾਈ ਗੁਰਦਾਸ ਜੀ ਨੇ ਬਹੁਤ ਸੁੰਦਰ ਲਿਖਿਆ ਹੈ:

***ਹਰਿਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ।***
***ਜਿਨੀ ਪਹੁੰਚ ਦੇਹਲੀ ਤਜਿਓ ਸਰੀਰਾ।***

ਇੰਞ ਕਹਿ ਲਈਏ ਕਿ ਅੱਠਵੇਂ ਪਾਤਸ਼ਾਹ ਜੀ ਇੰਨੇ ਕ੍ਰਿਪਾਲੂ, ਇੰਨੇ ਦਿਆਲੂ ਕਿ ਸਾਰਿਆਂ ਦੇ ਕਸ਼ਟਾਂ ਨੂੰ ਆਪਣੇ ਤੇ ਲੈ ਲਿਆ। ਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :

***ਦਰਸ਼ਨ ਤੇ ਸੰਕਟ ਨਸਹਿ, ਪਗੁ ਪਰਸਨ ਸੁਖ ਦਾਇ।***
***ਜਨ ਹਰਸਨ ਸਰਸਨ ਸਦਾ, ਸ੍ਰੀ ਹਰਿਕ੍ਰਿਸ਼ਨ ਸੁਭਾਇ।***

❑❑❑

**12.ਪ੍ਰ: ਕਿਹੜੇ ਗੁਰੂ ਸਾਹਿਬ ਨੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾਏ ਅਤੇ ਅੱਜਕਲ੍ਹ ਉੱਥੇ ਕਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਗੁਰਦੁਆਰਾ ਸ੍ਰੀ ਪੰਜਖੋਰਾ ਸਾਹਿਬ

ਇਸ ਅਸਥਾਨ ਤੇ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪੰਡਿਤ ਲਾਲ ਚੰਦ ਦਾ ਹੰਕਾਰ ਤੋੜਦਿਆਂ ਛੱਜੂ ਝੀਵਰ ਦੇ ਸੀਸ 'ਤੇ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾਏ। ਇਹ ਥੜ੍ਹਾ ਸਾਹਿਬ ਜਿੱਥੇ ਮਹਾਰਾਜ ਜੀ ਬਿਰਾਜਮਾਨ ਹੋਏ, ਅੱਜ ਉੱਥੇ ਭੋਰਾ ਸਾਹਿਬ ਸੁਭਾਇਮਾਨ ਹੈ।

❑❑❑

**13.ਪ੍ਰ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਇੱਕ ਜੰਗ ਵਿੱਚ ਭਾਗ ਲਿਆ, ਉਹ ਜੰਗ ਕਿੱਥੇ ਹੋਈ?**

ਉ: ਕਰਤਾਰਪੁਰ ਵਿਖੇ

13 ਸਾਲ ਦੀ ਉਮਰ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਇਸ ਜੰਗ ਵਿੱਚ ਤੇਗ ਦੇ ਜੌਹਰ ਦਿਖਾਏ। ਇਹ ਜੰਗ ਪੈਂਦੇ ਖਾਂ ਅਤੇ ਛੇਵੇਂ ਪਾਤਸ਼ਾਹ ਵਿੱਚ ਹੋਈ। ਇਸੇ ਜੰਗ ਵਿੱਚ ਛੇਵੇਂ ਪਾਤਸ਼ਾਹ ਜੀ ਨੇ ਪੈਂਦੇ ਖਾਂ ਨੂੰ ਆਪਣੀ ਢਾਲ ਨਾਲ ਬੇਹੋਸ਼ ਕੀਤਾ ਤੇ ਫਿਰ ਉਸ ਨੇ ਗੁਰੂ ਸਾਹਿਬ ਦੀ ਗੋਦ ਵਿੱਚ ਹੀ ਆਪਣਾ ਅੰਤਿਮ ਸਵਾਸ ਲਿਆ।

❑❑❑

# नितनेम इस तरह करो, मन जरूर टिकेगा

–भाई साहिब भाई वीर सिंघ जी

**पहले वक्त का विभाजन।** गुरसिक्खी में कोई बात इस तरह करने की आज्ञा नहीं कि जिसका फल सुरति का थक जाना या शरीर का टूट जाना हो। आराम की नींद, खाने–पीने तथा अन्य शारीरिक अरोग्यता को जरूरी काम करके तथा अपने रोजगार के लिए जितना वक्त जरूरी है, उस में लगाना पर इस तरह करने में सारा समय व्यतीत नहीं होता। अक्सर बहुत वक्त बचता है। उस सब को आगे की तैयारी के लिए व्यतीत करना चाहिए। यदि पहले–पहल तबीयत बचत का सारा वक्त न दे सके तो यह प्रबंध करना चाहिए कि रात दस बजे से पहले निद्रा कर लें और सुबह चार बजे उठ बैठो। चार से सात बजे तक या साढ़े छह बजे तक यह वक्त गुरबाणी अभ्यास में व्यतीत करो। सुबह का जो यह समय संभाला जाए तो इसका असर सारा दिन तबीयत पर छाया रहेगा। फिर संध्या को कुछ वक्त रहिरास साहिब के लिए और सोते समय कीर्तन सोहिला के लिए कुछ वक्त निकालना चाहिए। जब ये तीन समय संभाले जाएँ तो कुछ समय बाद माया विष से मन कम होता है, गुरबाणी का आनंद आता है। जैसे–जैसे आनंद बढ़ता है, तो वह स्वयं ही फिर वक्त को अपनी ओर आकर्षित करता है।

**दूसरा ध्यान।** नितनेम के समय ध्यान लगाने के लिए जो आप जी ने लिखा है, यह मामला जरा लम्बा है और जुबानी समझाने वाला है, पर अभी इतना काफी होगा कि अमृत वेले जब बाणी पढ़ो, एकांत में बैठकर पढ़ो और इस समय यह ख्याल करो कि मैं बाणी शून्य में नहीं पढ़ रहा पर गुरु जी की हजूरी में हूँ। वह नज़र नहीं आ रहे, क्योंकि मेरी आत्म–दृष्टि अभी बंद है पर वह मेरे सामने बैठे हैं और मेरे पाठ को सुन रहे हैं। जब कभी यह ख्याल बनेगा कि गुरु जी सुन रहे हैं तो मन भ्रम से दूर होकर एक प्वाइंट नुक्ते की तरफ रुख करेगा। उनकी हजूरी में कुछ प्यार व भय वाला सत्कार होगा। इस तरह पाठ करने को हजूरी का पाठ कहते हैं। पाठ करना एक तरह की सन्मुख उस्तति करना और आत्म सहायता के लिए अर्ज़ करना होता है। सो, यदि किसी को संबोधन किया जाए अर्थात किसी सुनने वाले और जवाब देने की समर्था वाले को सुनाया जाए, तब उसका कुछ स्वाद हो। जवाब की उम्मीद हो और करने में कुछ प्रयोजन सफल हो। यूं जो कुछ किया जाता है, वह उजाड़ में आवाज देने की तरह है, शून्य में बिखरता है और अपने पूरे असर से खाली जाता है। इस बात में शक नहीं कि गुरु

क्यों सुनेगा? वह बहुत ऊँचा है और हम निम्न हैं। बेशक हम निम्न हैं और वह बहुत ऊँचा है पर वह प्रेम का रूप है। पापियों, दुखियों की खातिर संसार भर में आकर खेद डालकर हमारी सुनता रहा और सुख देता रहा है, अब क्यों नहीं सुनेगा और प्यार करेगा। यह अटूट विश्वास चाहिए कि गुरु सुनता है। कभी–कभी इस तरह किए पाठ में बहुत रस आएगा। उस दिन गुरु बाणी पाठ को मंजूर करता है। गुरु का रूप आनंद है। जब बाणी आनंद देती है, तब वह गुरु का आगमन होता है, तो अपने प्रेम से हम पर बरस जाता है। यह जो सतिगुरु जी का ध्यान कर बाणी को पढ़ना तथा उनको सुनानी है, इस पर सतिगुरु जी का अपना हुक्म है।

***गुर की मूरति मन महि धिआनु ।।***
***गुर कै सबदि मंत्रु मनु मान ।।***

*(अंग ८६४)*

मेरा ख्याल है कि यदि इस तरह आप बाणी पढ़ोगे तो ध्यान लगेगा और रस भी आएगा। इसके साथ ही कुसंग से बचाव करना, बुरी सोहबत से दूर रहना और जहाँ तक हो, भला करना तथा बुरा किसी का नहीं करना, कुछ समय चाहे पंद्रह ही मिनट श्री गुरु ग्रंथ साहिब जी महाराज के पाठ को जरूर देना।

**रुपया।** तीसरी बात, आप जी ने अपने रुपए के खर्च बाबत लिखी है। गुरु कृपा से आप ने अमीर घर में जन्म लिया हो और रुपए से धनी हो। असल बात यह है कि इन्सान रुपए एकत्र करने नहीं आया। जिस वस्तु से प्रेम करें, उसका रूप हो जाना है। रुपए एक मृत वस्तु है। रुपए का प्रेम रूह में आत्म जीवन द्वारा एक मृत रूप पैदा करता है और रुपए का प्रेम इतना मृत कर जाता है कि इन्सान स्वयं को दुख देकर रुपए एकत्र करता है। दूसरे की पीड़ा से पीड़ित नहीं होता। इससे मेरा मतलब यह नहीं कि आदमी नंगा होकर जंगल में बैठ जाए पर रुपए के प्रेम में अपनी आत्मा न खोए। संसार की इज्जत व रुपया अंत में साथ नहीं देते। इसलिए अपनी कमाई रुपए में अपना निर्वाह करके जो बचे, सारा वाहिगुरु का जानना और इसको जानकर वाहिगुरु की संतान, सृष्टि से जो हमारे भाई हैं, बांट कर इस्तेमाल करो पर यदि अभी तबीयत इतनी तैयार नहीं है तो धीरे–धीरे इस नुक्ते पर आ जाएँ। आमदन धर्म की रखो। रिश्वत से बिल्कुल परहेज करो। जो अपनी कमाई का आए, उसका दसवंध गुरु पर अर्पण करो। शेष रुपए को परमेश्वर के भय एव प्रेम में अपनी पत्नी से विचार कर भलाई के उचित सुख के लिए इस्तेमाल करो। खाना, पीना, खर्च इस तरह का रखो कि जिससे तन पीड़ित न हो और मन विकारी न हो। हुक्म है:

***बाबा होरु खाणा खुसी खुआरु ।।***
***जितु खाधै तनु पीड़ीऐ***
***मन महि चलहि विकार ।।१।। रहाउ ।।***

*(अंग १६)*

दसवंध विश्वास से निकालना और देना उचित है और अन्य खर्च व चंदे इसमें से कम नहीं करने चाहिएँ जो अपनी मौज में हो। मैंने स्पष्ट तौर पर स्वयं द्वारा लिख दिया है। किसी बात पर किंतु हो तो उसको स्वीकार न करना क्योंकि सम्मति है, आप बुद्धिमान हो।

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# श्री गुरु हरिकृष्ण साहिब जी की कृपा आज भी दुनिया के दुख–रोग निवृत्त कर रही है

–जसविन्द्र सिंघ (पटियाला)

श्री गुरु हरिकृष्ण साहिब जी का जब भी नाम लेकर दर्शन करें तो स्वाभाविक यह दृष्टि सामने बन जाती है :

***दुख भंजनु तेरा नामु जी दुख भंजनु तेरा नामु ।।***

*(अंग २१८)*

तेरा नाम दुखों को नाश करने वाला है। जितनी दुनिया में औषधियाँ बनती हैं, तेरा नाम उन औषधियों में तंदरुस्ती भरने वाला है। आओ, पहले बड़े प्रेम से शब्द पढ़ें :

***धनासिरी महला ५ ।।***
***अउखधु तेरो नामु दइआल ।।***
***मोहि आतुर तेरी गति नही जानी***
***तूं आपि करहि प्रतिपाल ।।१।। रहाउ ।।***
***धारि अनुग्रहु सुआमी मेरे***
***दुतीआ भाउ निवारि ।।***
***बंधन काटि लेहु अपुने करि***
***कबहू न आवह हारि ।।१।।***
***तेरी सरनि पइआ हउ जीवां***
***तूं संम्रथु पुरखु मिहरवानु ।।***
***आठ पहर प्रभ कउ आराधी***
***नानक सद कुरबानु ।।२।।१८।।***

*(अंग ६७५)*

सभी प्यार से कहो, सतिनाम श्री वाहिगुरु जी।

श्री गुरु हरिकृष्ण साहिब जी का आगमन दिवस व्यतीत हुआ है। हम गरीबों ने क्या स्तुति करनी है? श्री गुरु गोबिंद सिंघ जी के अपने मुबारक वचन अरदास के पहले पैरे में पढ़ते हो :

***स्री हरिक्रिशन धिआईऐ***
***जिसु डिठै सभि दुखि जाइ ।।***

*(अरदास)*

***अउखधु तेरो नामु दइआल ।।***

*(अंग ६७५)*

मुझे आपके मन की बात नहीं पता, पर जब 'दयाल' लफ्ज बोलते हो, गुरु के लिए और यह भावना रखा करो, यदि सतिगुरु! मान लो, मेरी उम्र सौ साल की हो और सौ साल मेरे पापों में व्यतीत हुए हों, अन्तिम समय आ जाए और तराजू के दूसरे पलड़े में तेरी थोड़ी–सी दयालता डाल दी जाए और श्रद्धा वाला सिक्ख कहता है कि जब धर्मराज वह पलड़ा उठाएगा तो तेरी दयालता का पलड़ा भारी होगा। जब 'दयाल' कहते हो, इस तरह भावना रखा करो, तेरी एक कण दयालता मेरे सौ–सौ साल के पाप धोने वाली है। तू दयालु है। पूरी जिंदगी गणिका ने

पाप कमाए। एक कण दयालता का ऐसा मिला–

***अंत कालि जम जालु तोड़ि***
***नरकै विचि न खाधु सु गोता।***
***गई बैकुंठि बिबाणि चढ़ि***
***नाउं रसाइणु छोति अछोता।***
***थाउं निथावें माणु मणोता॥२१॥***

*(भाई गुरदास जी वार १०, पउड़ी २१)*

यह आम व्यक्ति के हृदय में भाग होता है। कईयों का भाग होता है कि पता नहीं, मुझे उसने बख्शना है या नहीं। यह तो दो मिनट लगाए हैं कि जब 'दयाल' बोलो तो ऐसी भावना रखो, सौ साल के पाप भी महाराज! यदि पलड़े में डाल दिए जाएँ और तेरी थोड़ी–सी दया दूसरे पलड़े में हो तो तेरी दया का पलड़ा भारी होगा :

***अउखधु तेरो नामु दइआल॥***
***मोहि आतुर तेरी गति नही जानी***
***तूं आपि करहि प्रतिपाल॥१॥ रहाउ॥***

*(अंग ६७५)*

***स्री हरिक्रिशन धिआईऐ***
***जिसु डिठै सभि दुखि जाइ॥***

*(अरदास)*

आपके लिए कमाल की बात है कि श्री गुरु हरिकृष्ण साहिब जी जब शरीर रूप में थे, तब भी केवल नहीं दुख हरे, रोग निवृत्त किए। आज भी उनकी कृपा हो रही है। कहीं जाकर देखो ! बंगला साहिब जहाँ चरण डाले, राजा जय सिंघ के बंगले में, एक–एक कण जहाँ का धन्य गुरु हरिकृष्ण साहिब जी के चरणों से सुशोभित है। बंगला साहिब के जल से किसी की आँखों की रोशनी वापिस आ रही है, किसी का कैंसर का रोग निवृत हो रहा है। दास वहाँ एक छोटा–सा वचन सुना बैठा और जब मैं बाहर आया तो मुझे बीस व्यक्तियों ने घेर लिया। एक कहता है मेरा फलाना रोग ठीक हुआ है तीन दिन में, कोई कहता है कि मेरा फलाना रोग ठीक हुआ है चार दिनों में। मैंने सोचा, गुरु हरिकृष्ण साहिब जी! एक दिन की एक किताब भर जाए, जो कोई तेरी बख्शिशें गेट पर खड़े होकर लिखने लगे। पढ़ो दो मिनट :

***स्री हरिक्रिशन धिआईऐ***
***जिसु डिठै सभि दुखि जाइ॥***

*(अरदास)*

1960 का वचन है। 60 साल हो गए हैं। पुलिस की रेंज का बहुत बड़ा अहुदा। शमशेर सिंघ नाम। पत्नी का नाम शीला कौर। लुधियाना का रहने वाला। कोई कर्म ऐसा आया है, यह पुलिस की रेंज में इतना बड़ा अहुदा शमशेर सिंघ का और उसकी पत्नी को साध संगत जी! शरीर पर कोहड़ हो गया। शरीर पर कोहड़। कोई पिछला कर्म भोगना पड़ रहा है। सुबह भी समागम में विनती की थी दास ने, यदि संगत में आते हो तो यत्न करो, किसी का दिल न तोड़ो। सहज स्वभाव किसी का काम नहीं हो सका और वह नाराज होकर बैठ गया है। तुम्हारी बेबसी है, अलग बात है। किसी का दिल न तोड़ो। कोई आप से दुखी न हो। कहीं किसी पशु–पक्षी, परिंदे की जीव हत्या हमसे न हो। जान–बूझकर कोई ऐसी भूल न हो। अनजाने को तो माफी है।

***जे बाहरहु भुलि चुकि बोलदे भी खरे हरि भाणे॥***

*(अंग ४५०)*

आपको बधाई भी है, दिल्ली में पहली बार आपकी सभा द्वारा गुरु की कृपा से अमृत–संचार हुआ है और मुझे डर था कि दिल्ली में कोई

विनती माने, पर गुरु की कृपा से 152 प्राणी कलगियाँ वाले महाराज के बेड़े में बैठे हैं। निगुरे, गुरु वाले बने हैं और पाँच प्यारों के पास कुछ प्राणी आए थे सुधार वाले। जिनसे भूल हो गई थी और फिर दुबारा पेश होते हैं। उन में से एक सुधार वाला था। वहाँ नियमित लाइन लगती है सुधार वालों की दोबारा अमृतपान के लिए और उसको पूछा गया कि तुझ से क्या भूल हुई है? और वह कहने लगा कि मुझसे मांस खाया गया है। एक होता है खाया गया और एक होता है आप खाया है मन करके। मन से खाया है। अब इशारा लेना। पाँच प्यारे कहते, अमृत को व्यंग्य न बनाओ। अब आपको सजा लग जाए, अमृतपान कर लो और कल को फिर मन करे कि मन कर रहा है मांस खाने को, पर मन से खाया है। अब इशारा लेना। उस प्राणी को 250 पाठ जपुजी साहिब जी की सजा लगाई गई और दोबारा सजा लगाई और दोबारा अमृतपान करवाया और उसके पीछे ही था एक। भाई लाडी सिंघ उसका नाम। उससे पूछा कि तुझसे क्या भूल हुई है और उसका प्रत्युत्तर था कि मैं किसी जगह पर खाना खा रहा था, मेरे वैष्णो खाने में एक हड्डी आ गई छोटी–सी, मुँह में मांस की। इसलिए मैं दोबारा पेश हुआ हूँ। किसी जगह वैष्णो खाने में हड्डी आ गई और पाँच प्यारे कहते हैं कि जो पहला था, उसने खाया है मन से पर तूने मन से नहीं खाया। उसको कोई सजा नहीं लगी और दोबारा अमृत का घूँट दे दिया गया। अब इशारा लेना। एक भूल होती है जानकर और एक होती है अनजाने में। इसलिए यत्न करो। जानकर किसी जीव की हत्या न हो। यों पैर के नीचे तो कई आ जाते हैं। यत्न करो, जानकर किसी का दिल न टूटे। अनजान को माफी है।

धन्य गुरु गोबिंद सिंघ जी महाराज के समय एक सिक्ख को दो–अढ़ाई महीने संगत में न देखा और आपने दो सिक्खों की डयूटी लगाई कि अमुक सिक्ख नहीं आ रहा, पता करो, जब दोनों सिक्खों ने पता किया, उसको लेकर आए कि धन्य गुरु गोबिंद सिंघ ने बुलाया है तुझे और जब कलगीधर पिता जी के सामने आया और धन्य गुरु गोबिंद सिंघ जी कहते हैं, सिक्खा! तू तो संगत में आता था, कीर्तन सुनता था, कथा सुनता था, सिमरन और समाधि में बैठता था पर अढ़ाई महीने हो गए हैं, तू आया नहीं। तब सिक्ख ने हाथ जोड़े और क्या कहा, सतिगुरु जी! मैं तुर्कों के पास पकड़ा गया। मुझे तुर्कों ने पकड़ लिया और उन्होंने पकड़कर मेरे जबरदस्ती केश काट दिए, जबरदस्ती मुँह में तंबाकू डाला। उस दिन से जब का उन्होंने मुझे छोड़ा है, मैं अपने आपको पतित–पापी समझता हूँ कि मैं संगत में भी जाने के योग्य नहीं रहा। मेरे मुँह में तंबाकू डाला गया है, मेरे केश काटे गए हैं, तुर्कों ने मुझे जबरन पकड़ा था। धन्य गुरु गोबिंद सिंघ जी का प्रत्युत्तर था, हे सिक्ख! जबरदस्ती तुर्कों ने पकड़ा है, केश काट दिए हैं, जबरदस्ती मुँह में तंबाकू डाल दिया है। सिक्खा! एक बात बता किसी तुर्कनी का संग तो नहीं किया? सिक्ख का जवाब था, इससे बचा रहा हूँ। फिर महाराज जी ने छाती से लगाया और कहा, जो तंबाकू तेरे मुँह में डाला, यह उन्होंने जबरन किया है, तूने मन से नहीं किया। जो तेरे केश काटे हैं, उन्होंने जबरन काटे हैं, तूने मन से नहीं कटाए पर यदि तू तुर्कनी का संग करता तो तूने

आप करना था मन से। फिर सचमुच ही तेरे लिए जगह नहीं थी। सिक्खा, तूने तुर्कनी का संग नहीं किया, यदि वह करता तो तूने मन से करना था। इशारा लो! जो व्यक्ति मन से भूल करता है, फिर वह कर्म बन जाता है। इसलिए गुरु प्यारो! जिंदगी में यत्न करो कि आपके इन दो हाथों से हर एक का भला ही हो और यदि भला न हो इतना जरूर ख्याल रखो कि बुरा न हो। इन दोनों नेत्रों से दुनिया के लिए आपसे भला हो और यदि भला न हो सके तो बुरा न हो। इन दोनों नेत्रों से दुनिया के लिए भला हो, इस रसना से दुनिया के लिए भला हो और यदि भला न हो सके तो बुरा न हो। जब कोई ऐसा करता है, फिर कर्म बनता है।

मैंने बात यहाँ से ली थी कि शमशेर सिंघ लुधियाना का रहने वाला, इसकी पत्नी शीला कौर को शरीर पर कोहड़ हो गया। कोई पिछली भूल। कोई पिछला लेखा। किसी गुरमुख आत्मा ने रास्ता बताया कि लुधियाना के पास ही एक नगर में भाई सिधारा जी रहते हैं। वे ऊँट से हल चलाते थे। 1960 का समय था। ऊँट से हल चलाना और किसी ने कहा भाई सिधारा जी नाम में रंगे हुए हैं, उनके पास जाओ, आपको रास्ता बताएँगे। यह दोनों सदस्य भाई सिधारा जी के पास आए और कहते कि जब आए और खेतों में हल चला रहे थे, ऊँट से। कर्मशील थे। बंदगी भी करते थे और कर्मशील भी थे। जब शमशेर सिंघ ने विनती की, महाराज! पत्नी को कोहड़ हो गया है और कृपा करो, कोई रास्ता बताओ। भाई सिधारा जी कहते, कौन हो आप, कहाँ से आए हो? उसने बताया कि मैं डी.एस.पी. पुलिस की बड़ी रैंक का अफसर हूँ। बारीकी देखो! भाई सिधारा जी कहते, इस वक्त, इन कदमों से ही अपने घर वापिस चले जाओ और मेरी जेब में अपने घर का पता डाल दो। मैंने यहाँ तुम्हारे साथ बात नहीं करनी? मैं आपके घर आऊँगा। शमशेर सिंघ पूछने लगा आप ने यहाँ क्यों नहीं बात करनी? भाई सिधारा जी कहने लगे, यदि गांव में 2–4 शरीरों ने मुझ को तुझ से बात करते हुए देख लिया कि लुधियाना की पुलिस का इतना बड़ा आदमी आया है और अगली सुबह होते ही मुझे कहेंगे, हमारा अमुक काम करवाओ। हमारा अमुक काम करवाओ और इसी में हम फंस जाएँगे। नाम बंदगी नहीं होगी। आप यहाँ मत रुको। लोग देखेंगे और मुझ से कोई नाजायज काम न ले जाए। अपने घर जाओ। मैं आपके घर आऊँगा बात करने के लिए। यह भाई सिधारा जी अगले दिन लुधियाना पुलिस के बड़े अफसर शमशेर सिंघ के घर गए। कुर्सी पर उनको बिठाया गया। सब कुछ बताया कि शरीर पर कोहड़ हो गया है। शीला कौर पत्नी का नाम और भाई सिधारा जी कहते, भाई! हम गुरु नानक साहिब के तुच्छ से सिक्ख हैं। बख्शिश करनी है श्री गुरु हरिकृष्ण साहिब जी ने। कहते, भाई सिधारा जी ने क्या कहा कि कागज़ ले आओ, पैन ले आओ। उनकी धर्मपत्नी साधसंगत जी! कागज़ और पैन ले आई। जो साखी में लिखा है, भाई सिधारा जी ने नेत्र बंद कर लिए और बड़े वैराग्य में क्या कहते हैं, मैं जो बोलता जाऊँगा, आप कागज़ पर लिखते जाना और फिर वह जाप आपने करना है। उस समय फिर कौन–सा जाप लिखवाया?

*१ ओं सति नामु करता पुरखु*
*निरभउ निरवैरु*

*अकाल मूरति अजूनी सैभं गुर प्रसादि।।*
*।।जपु।।*
*आदि सचु जुगादि सचु।।*
*है भी सचु नानक होसी भी सचु।।१।।*

*(अंग १)*

*वाहिगुरु! वाहिगुरु! वाहिगुरु! वाहिगुरु!*

एक बार पहली पउड़ी लिखवाई, फिर लिखवाया चार बार 'वाहिगुरु'। क्या वजूद था, एक रंगे हुए गुरसिक्ख का। शायद लिखवाते समय अरदास निकल रही थी कि धन्य गुरु हरिकृष्ण साहिब जी! इनकी सुन लेना। एक बार पहली पउड़ी लिखवाई भाई सिधारा जी ने कागज़ पर, फिर चार बार वाहिगुरु जपना है और चार बार जपने के बाद फिर यह जपना है :

*स्री हरिक्रिशन धिआईऐ*
*जिसु डिठै सभि दुखि जाइ।।*

*(अरदास)*

यहाँ दास एक वचन भूल गया है कि कागज़ और पैन पकड़ाने से पहले भाई सिधारा जी ने पूछा कि क्या तुम्हारे घर शराब का इस्तेमाल होता है? शमशेर सिंघ का जवाब था– जी कभी–कभी और दूसरा वचन किया कि अण्डा, मीट, मांस, मछली का इस्तेमाल होता है और उनका जवाब था, जी होता है। भाई सिधारा जी ने पैन कागज़ पकड़ाने से पहले वचन किया था कि यत्न करना, हमेशा ही इनको त्यागो। नहीं तो जितने दिन का नेम है, इन चीज़ों का घर में वास ना करना। इस चीज़ को घर में नहीं लाना। अण्डा, मीट, मछली, शराब का सेवन नहीं करना। यह वचन लिया। फिर वैराग्य में यह जाप लिखवाया। पहली पउड़ी, चार बार वाहिगुरु और फिर कहना है :

*स्री हरिक्रिशन धिआईऐ*
*जिसु डिठै सभि दुखि जाइ।।*

*(अरदास)*

